ਘਾਤੀ ਕਰਮਾ ਨੂੰ ਦੂਰ ਕਰਕੇ ਸ਼੍ਰਮਣ ਭਗਵਾਨ ਮਹਾਵੀਰ ਅੱਜ ਕਲ ਸ਼੍ਰਮਣ ਲਈ ਪੰਜ ਮਹਾਵਰਤ, ਪੰਜ ਅਣੂਵਰਤ (ਗ੍ਰਹਿਸਥ ਲਈ) ਪੰਜ ਆਸ਼ਰਵ ਤੇ ਸਬੰਰ ਦਾ ਉਪਦੇਸ਼ ਦਿੰਦੇ ਹਨ। ਉਹ ਪੂਰਨ ਸਾਧੂ ਪੁਣ ਵਿਚ ਵਿਰਤਿ, ਪੁੰਨ, ਪਾਪ, ਬੰਧ, ਨਿਰਜਰਾ ਤੇ ਮੋਕਸ਼, ਦਾ ਉਪਦੇਸ਼ ਦਿੰਦੇ ਹਨ। ਅਜੇਹਾ ਮੈਂ ਆਖਦਾ ਹਾਂ। 6।

**ਗੋਸ਼ਾਲਕ :**

ਕੱਚਾ ਪਾਣੀ, ਬੀਜ ਕਾਇਆ ਆਧਾਕਰਮੀ ਭੋਜਨ, ਇਸਤਰੀਆਂ ਦਾ ਸੇਵਨ ਭਲੇ ਹੀ ਕੀਤਾ ਜਾਵੇ ਸਾਡੇ ਧਰਮ ਵਿਚ ਇਕਲੇ ਘੁੰਮਣ ਵਾਲੇ ਤਪਸਵੀ ਨੂੰ ਇਨ੍ਹਾਂ ਵਿਚੋਂ ਕੋਈ ਵੀ ਦੋਸ਼ ਨਹੀਂ ਲਗਦਾ। 7

**ਆਦਰਕ ਮੁਨੀ :**

ਸਚਿਤ ਪਾਣੀ, ਬੀਜ ਆਧਾਕਰਮੀ ਭੋਜਨ, ਇਸਤਰੀਆਂ ਦਾ ਸੇਵਨ ਕਰਨ ਵਾਲੇ ਗ੍ਰਹਿਸਥੀ ਹੋ ਸਕਦੇ ਹਨ ਸਾਧੂ (ਸ਼੍ਰਮਣ) ਨਹੀਂ। 8।

ਜੇ ਬੀਜ (ਹਰੀ ਬੀਜ ਵਾਲੀ ਬਨਾਸਪਤੀ) ਕੱਚਾ ਪਾਣੀ, ਇਸਤਰੀਆਂ ਦਾ ਭੋਗੀ ਸਾਧੂ (ਸ਼੍ਰਮਣ) ਹੈ ਤਾਂ ਗ੍ਰਹਿਸਥ ਕਿਉਂ ਸਾਧੂ ਸ਼੍ਰਮਣ ਨਹੀਂ ਮੰਨੇ ਜਾਣਗੇ ? ਉਹ ਵੀ ਤਾਂ ਇਨ੍ਹਾਂ ਚੀਜਾਂ ਦਾ ਇਸਤੇਮਾਲ ਕਰਦੇ ਹਨ ? (ਭਾਵ ਤਿਆਗੀ ਤੇ ਭੋਗੀ ਦਾ ਕੀ ਫਰਕ ਹੈ)। 9।

ਜੋ ਪੁਰਸ਼ ਸਾਧੂ ਹੋ ਕੇ ਬੀਜ ਕਾਇਆ; ਕਚੇ ਪਾਣੀ, ਤੇ ਆਧਾਕਰਮੀ ਭੋਜਨ ਦੀ ਵਰਤੋਂ ਕਰਦੇ ਹਨ। ਜਿਉਂਣ ਲਈ ਹੀ ਭਿਖਿਆ ਮੰਗਦੇ ਹਨ। ਉਹ ਪਰਿਵਾਰ ਨੂੰ ਛੱਡ ਕੇ ਵੀ ਆਪਣੇ ਸਰੀਰ ਦੀ ਪਾਲਣਾ ਕਰਦੇ ਹਨ। ਸਰੀਰ ਨੂੰ ਪਾਲਣ ਵਿਚ ਲੱਗੇ ਹਨ। ਉਹ ਕਰਮ ਨਾਸ਼ ਕਰਨ ਜਾਂ ਜਨਮ ਮਰਨ ਦਾ ਅੰਤ ਕਰਨ ਵਾਲੇ ਨਹੀਂ ਹਨ। 10।

**ਗੋਸ਼ਾਲਕ :**

ਹੇ ਆਦਰਕ ! ਤੁਸੀਂ ਇਸ ਵਚਨ ਰਾਹੀਂ ਸਾਰੇ 363 ਧਰਮ ਵਿਚਾਰਕਾ ਦੀ ਨਿੰਦਾ ਕਰ ਰਹੇ ਹੋ। ਸਾਰੇ ਵਿਚਾਰਕ ਭਿੰਨ ਭਿੰਨ ਢੰਗ ਰਾਹੀਂ ਆਪਣੇ ਆਪਣੇ ਵਿਚਾਰ ਪੇਸ਼ ਕਰਦੇ ਹਨ। 11।

**ਆਦਰਕ ਮੁਨੀ :**

ਉਹ ਸ਼੍ਰਮਣ ਤੇ ਬ੍ਰਾਹਮਣ ਇਕ ਦੂਸਰੇ ਦੀ ਨਿੰਦਾ ਕਰਦੇ ਹੋਏ ਆਪਣੇ ਆਪਣੇ ਦਰਸ਼ਨ ਦੀ ਪ੍ਰਸੰਸਾ ਕਰਦੇ ਹਨ। ਆਪਣੇ ਦਰਸ਼ਨ ਵਿਚ ਦਸੀ ਕ੍ਰਿਆ ਦੀ ਪੂਰਤੀ ਵਿਚ ਹੀ ਪੁੰਨ, ਧਰਮ ਤੇ ਮੋਕਸ਼ ਆਖਦੇ ਹਨ। ਇਸ ਲਈ ਅਸੀਂ ਉਨ੍ਹਾਂ ਦੇ ਏਕਾਂਤ ਦਰਿਸ਼ਟੀ ਕੋਣ ਦੀ ਨਿੰਦਾ ਕਰਦੇ ਕਿਸੇ ਖਾਸ ਵਿਚਾਰਕ ਦੀ ਨਹੀਂ ਕਰਦੇ।12 ਅਸੀਂ ਆਪਣੇ ਨਿਜ ਵਿਚਾਰ ਪ੍ਰਗਟ ਕਰਦੇ ਹਾਂ। ਇਹ ਮਾਰਗ (ਜੈਨ ਧਰਮ) ਸਰਵ ਉਤਮ ਹੈ। ਆਰੀਆ (ਸ਼ਰੇਸ਼ਟ) ਪੁਰਸ਼ ਰਾਹੀ ਨਿਰਦੋਸ਼ ਕਿਹਾ ਗਿਆ ਹੈ। 13। ਉਰਧਵ, ਅਧੋ, ਤਿਰਛੀ ਆਦਿ ਦਿਸ਼ਾਵਾ ਵਿਚ ਜੋ ਤਰੱਸ ਤੇ ਸਥਾਵਰ, ਪ੍ਰਾਣੀ ਹਨ ਉਨ੍ਹਾਂ ਪ੍ਰਾਣੀਆਂ ਦੀ ਹਿੰਸਾ ਤੋਂ ਘਿਰਨਾ ਕਰਨ ਵਾਲੇ ਪੁਰਸ਼ ਸੰਸਾਰ ਵਿਚ ਕਿਸੇ ਦੀ ਵੀ ਨਿੰਦਾ ਨਹੀਂ ਕਰਦੇ। (ਭਾਵ ਅਹਿੰਸਕ ਨਿੰਦਕ ਨਹੀਂ ਹੁੰਦਾ) 14।

**ਗੋਸ਼ਾਲਕ :**

"ਤੇਰੇ ਗੁਰੂ ਮਹਾਵੀਰ ਬਹੁਤ ਹੀ ਡਰਪੋਕ ਹਨ, ਇਸੇ ਲਈ ਤਾਂ ਉਹ ਲੋਕਾ ਦੇ ਇੱਕਠ ਵਿਚ ਨਹੀਂ ਠਹਿਰਦੇ। ਅਜੇਹੇ ਘਰ ਤੇ ਧਰਮਸ਼ਾਲਾ ਵਿਚ ਠਹਿਰਨ ਤੋਂ ਸੰਕੋਚ ਕਰਦੇ ਹਨ। ਉਹ (ਮਹਾਵੀਰ) ਸੋਚਦੇ ਹਨ ਕਿ ਇਨ੍ਹਾਂ ਜੇਗਾ ਤੇ ਬਹੁਤ ਸਾਰੇ ਮਨੁੱਖ ਥੋੜੀ ਜਾਂ ਜਿਆਦਾ ਵਕਤਾ ਜਾਂ ਮੋਨੀ (ਮੋਨਵਰਤੀ) ਨਿਵਾਸ ਕਰਦੇ ਹਨ। 15

ਸਿਖਿਆ, ਵਿਦਵਾਨ, ਸੂਤਰ ਤੇ ਅਰਥ ਦਾ ਜਾਣਕਾਰ ਅਜੇਹੀ ਥਾਂ ਨਿਵਾਸ ਕਰਦੇ ਹਨ। ਅਜੇਹਾ ਮਨੁੱਖ ਜੋ ਮੇਰੇ (ਮਹਾਵੀਰ) ਪਾਸੋਂ ਪ੍ਰਸ਼ਨ ਪੁਛ ਬੈਠਾ ਤਾਂ ਕੀ ਉੱਤਰ ਦੇਵਾਂਗਾ ? ਇਸੇ ਕਾਰਣ ਤੇਰੇ ਗੁਰੂ ਅਜਿਹੇ ਮਨੁੱਖਾਂ ਵਿਚ ਨਹੀਂ ਠਹਿਰਦੇ। 16

**ਆਦਰਕ ਮੁਨੀ :**

ਭਗਵਾਨ ਮਹਾਵੀਰ ਸਵਾਮੀ ਬਿਨਾਂ ਕਾਰਣ ਤੋਂ ਕੋਈ ਵੀ ਕੰਮ ਨਹੀਂ ਕਰਦੇ, ਉਹ ਬੱਚਿਆਂ ਦੀ ਤਰ੍ਹਾਂ ਬਿਨਾਂ ਵਿਚਾਰ ਨਾਲ ਕੋਈ ਕੰਮ ਨਹੀਂ ਕਰਦੇ। ਉਹ ਰਾਜ ਭੈ (ਰਾਜੇ ਦੇ ਡਰ ਵੱਸ) ਧਰਮ ਉਪਦੇਸ਼ ਨਹੀਂ ਕਰਦੇ। ਫੇਰ ਉਨ੍ਹਾਂ ਨੂੰ ਹੋਰ ਕਿਸੇ ਦਾ ਕਿ ਡਰ ਹੋ ਸਕਦਾ ਹੈ ? ਭਗਵਾਨ ਪ੍ਰਸ਼ਨਾ ਦਾ ਉਤਰ ਦਿੰਦੇ ਹਨ ਅਤੇ ਨਹੀਂ ਵੀ ਦਿੰਦੇ। ਉਹ ਸੰਸਾਰ ਵਿਚ ਆਰਿਆ ਲੋਕਾਂ ਲਈ ਤੇ ਆਪਣੇ ਤੀਰਥੰਕਰ ਨਾਮ ਕਰਮ ਦੇ ਖਾਤਮੇ ਲਈ ਧਰਮ ਉਪਦੇਸ਼ ਕਰਦੇ ਹਨ। 17

ਮਹਾਵੀਰ ਸੁਨਣ ਵਾਲੇ ਕੋਲ ਜਾ ਕੇ ਅਤੇ ਨਾ ਜਾ ਕੇ ਦੋਹਾ ਹਾਲਤਾਂ ਵਿਚ ਸਮਾਨ ਭਾਵਨਾ ਨਾਲ ਧਰਮ ਉਪਦੇਸ਼ ਕਰਦੇ ਹਨ। ਅਨਾਰਿਆ ਲੋਕ ਦਰਸ਼ਨ (ਵਿਸ਼ਵਾਸ) ਤੋਂ ਭਰਿਸ਼ਟ ਹਨ ਇਸੇ ਕਾਰਣ ਉਹ ਭਗਵਾਨ ਮਹਾਵੀਰ ਦੇ ਕੋਲ ਨਹੀਂ ਜਾਂਦੇ। 18

**ਗੋਸ਼ਾਲਕ :**

ਜਿਵੇਂ ਲੋਭੀ ਬਾਣੀਆ ਖਰੀਦ ਵੇਚ ਦੇ ਯੋਗ ਵਸਤੂ ਨੂੰ ਲੈ ਕੇ ਲਾਭ ਲਈ ਦੂਸਰੇ ਵਿਉਪਾਰੀ ਨਾਲ ਮੇਲ ਰਖਦਾ ਹੈ ਇਹ ਉਪਮਾ ਤੇਰੇ ਗੁਰੂ ਸ਼੍ਰਮਣ ਗਿਆਤਾ ਪੁਤਰ ਤੇ ਠੀਕ ਢੁਕਦੀ ਹੈ ਇਹੋ ਮੇਰੇ ਮਹਾਵੀਰ ਪ੍ਰਤੀ ਵਿਚਾਰ ਹਨ। 19

**ਆਦਰਕ ਮੁਨੀ :**

ਭਗਵਾਨ ਮਹਾਵੀਰ ਸਵਾਮੀ ਨਵੇਂ ਕਰਮ ਬੰਧਨ ਨਹੀਂ ਕਰਦੇ। ਸਗੋਂ ਪੁਰਾਣੇ ਕਰਮਾ ਦਾ ਖਾਤਮਾ ਕਰਦੇ ਹਨ। ਛੇ ਜੀਵਾਂ ਨਿਕਾਏ ਦੇ ਜਾਣਕਾਰ, ਰਖਿਅਕ, ਭਗਵਾਨ ਮਹਾਵੀਰ ਆਖਦੇ ਹਨ। ਪ੍ਰਾਣੀ ਕੁਮੱਤੀ (ਬੁਰੀ ਬੁੱਧੀ) ਛੱਡ ਕੇ ਹੀ ਮੋਕਸ਼ ਪ੍ਰਾਪਤ ਕਰਦਾ ਹੈ। ਇਸ ਲਈ (ਤਿਆਗ) ਕਰਨ ਵਿਚ ਹੀ ਮੋਕਸ਼ ਆਖਿਆ ਗਿਆ ਹੈ। ਉਸ ਮੋਕਸ਼ ਦੇ ਲਾਭ ਦੀ ਇੱਛਾ ਕਰਨ ਵਾਲੇ ਸ਼੍ਰਮਣ ਭਗਵਾਨ ਮਹਾਵੀਰ ਹਨ ਅਜੇਹਾ ਮੈਂ ਆਖਦਾ ਹਾਂ। 20।

ਹੇ ਗੋਸ਼ਾਲਕ) ਬਾਣੀਆਂ ਤਾਂ ਸਾਰੇ ਪ੍ਰਾਣੀਆਂ ਦੀ ਹਿੰਸਾ ਦੀ ਧੰਦਾ ਕਰਦੇ ਹਨ ਉਹ ਰਿਸ਼ਤੇਦਾਰ, ਦੇ ਸ਼ੰਭਧਾ ਵਿਚ ਫਸੇ ਹੋਏ, ਸਿਰਫ ਲਾਭ ਲਈ ਦੂਸਰੇ ਨਾਲ ਰਿਸ਼ਤਾ ਰਖਦੇ ਹਨ। 21

ਬਾਨੀਏ ਧੰਨ ਦੇ ਇਛੁੱਕ ਅਤੇ ਕਾਮਭੋਗ ਵਿਚ ਰੁਝੇ ਰਹਿੰਦੇ ਹਨ। ਉਹ ਭੋਜਨ ਦੇ ਲਈ ਇਧਰ ਉਧਰ ਜਾਂਦੇ ਹਨ। ਅਸੀਂ ਤਾਂ ਅਜੇਹੇ ਕਾਮ ਭੋਗਾ ਵਿਚ ਫਸੇ, ਰਾਗ ਵਿਚ ਫਸੇ ਬਾਨੀਆ ਨੂੰ ਅਨਾਰਿਆ ਆਖਦੇ ਹਾਂ ਮਹਾਵੀਰ ਬਾਨੀਏ ਨਹੀਂ ਹਨ ਉਹ ਤੇ ਰਾਗ ਦਵੇਸ਼ ਤੋਂ ਮੁਕਤ, ਪਰਿਵਾਰ ਆਦਿ ਪਰਿਗ੍ਰਹਿ ਤੋਂ ਮੁਕਤ ਹਨ। 22

ਬਾਨੀਏ ਆਰੰਭ ਤੇ ਪਰਿਗ੍ਰਹਿ ਵਿਚ ਫਸੇ ਰਹਿੰਦੇ ਹਨ ਉਹ ਅਪਣੀ ਆਤਮਾ ਨੂੰ ਦੰਡ (ਪਾਪ ਕਰਮਬੰਧ) ਦਿੰਦੇ ਹਨ ਉਨ੍ਹਾਂ ਦਾ ਲਾਭ, ਜਿਸਨੂੰ ਤੁਸੀਂ ਲੋਭ ਆਖਦੇ ਹੋ ਉਹ ਲੋਭ ਨਹੀਂ ਹੈ! ਇਹ ਤਾ ਚਾਰ ਗਤੀਆਂ ਵਿਚ ਭਟਕਾਉਣ ਅਤੇ ਅਨੰਤ ਸੰਸਾਰ ਦਾ ਕਾਰਣ ਹੈ। ਇਹ ਲਾਭ ਤਾਂ ਦੁੱਖ ਲਈ ਹੁੰਦਾ ਹੈ। ਇਹ ਲਾਭ ਸੱਚਾ ਸੁਖ ਨਹੀਂ। 23

ਵਿਦਵਾਨ ਲੋਕ ਧੰਨ ਲਾਭ ਆਦਿ ਨੂੰ ਏਕਾਂਤ ਲਾਭ ਨਹੀਂ ਮੰਨਦੇ। ਨਾ ਹੀ ਜ਼ਿਆਦਾ ਫਾਇਦੇ ਮੰਦ ਮੰਨਦੇ ਹਨ। ਜੋ ਲਾਭ ਏਕਾਂਤ ਜਾਂ ਜਿਆਦਾ ਸੁਖ ਰੂਪ, ਗੁਣਾਂ ਤੋਂ ਰਹਿਤ ਹੈ ਉਸ ਲਾਭ ਵਿਚ ਕੋਈ ਗੁਣ ਨਹੀਂ। ਪਰ ਭਗਵਾਨ ਮਹਾਵੀਰ ਨੇ ਜਿਸ ਲਾਭ ਨੂੰ ਪ੍ਰਾਪਤ ਕੀਤਾ ਹੈ ਉਹ ਸਾਦਿ (ਸ਼ੁਰੂ ਨਾਲ) ਤੇ ਅਨੰਤ ਹੈ ਜੀਵਾਂ ਦੇ ਰਖਿਅਕ, ਸਰਵ-ਗਿਆਨੀ ਭਗਵਾਨ ਮਹਾਵੀਰ ਉਸੇ ਕੇਵਲ ਗਿਆਨ ਰੂਪੀ ਲਾਭ ਦਾ ਦੂਸਰੇ ਨੂੰ ਉਪਦੇਸ਼ ਦਿੰਦੇ ਹਨ। 24

"ਭਗਵਾਨ ਮਹਾਵੀਰ ਸਵਾਮੀ ਸਾਰੇ ਜੀਵਾਂ ਦੀ ਹਿੰਸਾ ਤੋਂ ਹਮੇਸ਼ਾ ਰਹਿਤ ਹਨ। ਸਾਰੇ ਪ੍ਰਾਣੀਆਂ ਤੇ ਅਨੁਕੰਪਾ (ਦਿਆ) ਕਰਦੇ ਹਨ। ਉਹ ਧਰਮ ਵਿਚ ਸਥਿਤ ਰਹਿੰਦੇ ਹਨ। ਕਰਮ ਨਿਰਜਰਾ ਦਾ ਕਾਰਣ ਹਨ ਅਜੇਹੇ ਵੀਤਰਾਂਗ ਸਰਵੱਗ ਨੂੰ ਤੇਰੇ ਜੇਹੇ ਆਤਮਾ ਨੂੰ ਦੰਡ (ਪਾਪ) ਦੇਣ ਵਾਲਾ ਆਦਮੀ ਬਾਣੀਆ ਆਖਦੇ ਹੋ। ਇਹ ਗੱਲ ਤੇਰੀ ਅਗਿਆ-ਨਤਾ ਦੀ ਨਿਸ਼ਾਨੀ ਹੈ ਅਜੇਹੀ ਗੱਲ ਤਾਂ ਤੇਰੇ ਜੇਹੇ ਅਣਜਾਣ ਆਦਮੀ ਦੇ ਮੂੰਹੋਂ ਹੀ ਨਿਕਲਦੀ ਹੈ ਗਿਆਨੀ ਤਾਂ ਵਿਚਾਰ ਨਾਲ ਬੋਲਦਾ ਹੈ। 25।

**ਬੁੱਧ ਭਿਖ਼ਸ਼ੂ**

[ਗੋਸ਼ਾਲਕ ਤੋਂ ਬਾਅਦ ਆਦਰਕ ਮੁਨੀ ਨੂੰ ਬੁੱਧ ਭਿਖ਼ਸ਼ੂ ਮਿਲੇ। ਉਹ ਆਦਰਕ ਨੂੰ ਆਖਨ ਲਗੇ, ਕੋਈ ਮਨੁੱਖ ਖਲੀ ਨੂੰ ਮਨੁੱਖ ਸਮਝਕੇ ਸੂਲੀ ਤੇ ਚੜਾ ਕੇ ਪਕਾਏ ਜਾਂ ਤੂੰਬੇ ਨੂੰ ਬਾਲਕ ਸਮਝ ਕੇ ਮਾਰੇ। ਸਾਡੇ ਮੱਤ ਵਿਚ ਦੋਹੇ ਪ੍ਰਾਣੀ ਬੰਧ ਕਰਨ ਵਾਲੇ ਪਾਪੀ ਹਨ।26

---

26 ਤੋਂ 40 ਬੁੱਧ ਧਰਮ ਦੀਆਂ ਤਿੰਨ ਮਾਨਤਾਵਾਂ ਦਾ ਖੰਡਨ ਆਦਰਕ ਮੁਨੀ ਨੇ ਕੀਤਾ ਹੈ:

1) ਕਿਸੇ ਮਾਸ ਨੂੰ ਖਲੀ ਪਿੰਡ ਮੰਨ ਕੇ ਪਕਾ ਕੇ ਪੁਰਸ਼ ਨੂੰ ਪਰੋਸਨ ਵਿਚ ਕੋਈ ਦੋਸ਼ ਨਹੀਂ ਲਗਦਾ।"
2) ਦੋ ਹਜ਼ਾਰ ਬੁੱਧ ਭਿਖਸ਼ੂਆਂ ਨੂੰ ਭੋਜਨ ਕਰਾਉਣ ਵਾਲਾ ਮਹਾਨ ਪੁੰਨ ਕਰਦਾ ਹੈ
3) ਮਾਸ ਅਹਾਰ ਜੋ ਖਾਸ ਵਿਧੀ ਨਾਲ ਤਿਆਰ ਕੀਤਾ ਹੋਵੇ ਤਾਂ ਭਿਖਸ਼ੂਆਂ ਨੂੰ ਕੋਈ ਦੋਸ਼ ਨਹੀਂ ਲਗਦਾ।

ਕੋਈ ਮਲੇਛ ਪੁਰਸ਼ ਨੂੰ ਖਲ ਸਮਝਕੇ ਮਾਰ ਕੇ ਪਕਾਏ ਤਾਂ ਸਾਡੇ ਮੱਤ ਅਨੁਸਾਰ ਉਹ ਪ੍ਰਾਣੀਘਾਤ ਹਿੰਸਾ ਦਾ ਭਾਗੀ ਨਹੀਂ ਹੁੰਦਾ। 27

ਕੋਈ ਪੁਰਸ਼ ਮਨੁੱਖ ਜਾਂ ਬਾਲਕ ਨੂੰ ਖਲ ਦਾ ਟੋਟਾ ਮੰਨਕੇ ਅੱਗ ਤੇ ਰੱਖਕੇ ਪਕਾਏ ਤਾਂ ਉਹ ਪਵਿਤਰ ਹੈ ਬੁੱਧਾ ਦੇ ਪਾਰਨੇ (ਖਾਣ) ਦੇ ਯੋਗ ਹੈ। 28

ਜੋ ਪੁਰਸ਼ ਦੋ ਹਜ਼ਾਰ ਭਿਖਸ਼ੂਆ ਨੂੰ ਹਰ ਰੋਜ ਭੋਜਨ ਕਰਾਉਂਦਾ ਹੈ ਉਹ ਮਹਾ ਪੁੰਨ ਰਾਹੀ ਮਹਾਪ੍ਰਕਰਮੀ ਆਰੋਪਯ ਦੇਵਤਾ ਬਨਦਾ ਹੈ। 29।

## ਆਦਰਕ ਮੁਨੀ

ਇਹ ਸ਼ਾਕਯ [ਬੁੱਧ] ਧਰਮ ਸੰਜਮੀ ਪੁਰਸ਼ ਲਈ ਅਯੋਗ ਹੈ। ਪ੍ਰਾਣੀਆਂ ਦਾ ਘਾਤ ਕਰਨ ਨਾਲ ਪਾਪ ਨਹੀਂ ਹੁੰਦਾ, ਜੋ ਅਜੇਹਾ ਆਖਦੇ ਹਨ, ਸੁਨਦੇ ਹਨ, ਦੋਹੇ ਆਰਿਆ ਨਹੀਂ ਹਨ ਅਤੇ ਬੁਰੇ ਹਨ। 30।

ਉੱਚੀ, ਨੀਵੀਂ ਤੇ ਤਿਰਛੀ ਦਿਸ਼ਾਵਾਂ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਦ-ਭਾਵ ਦੇ ਚਿਨ ਨੂੰ ਜਾਨ ਕੇ, ਜੀਵ ਹਿੰਸਾ ਦੀ ਸ਼ੰਕਾ ਤੇ ਪ੍ਰਤਿ ਜਾਗਰਤ ਮਨੁੱਖ, ਹਿੰਸਾ ਤੋਂ ਘਿਰਨਾ ਕਰਦਾ ਹੋਇਆ, ਵਿਚਾਰ ਕੇ ਬੋਲੇ, ਵਿਚਾਰਕੇ ਕੰਮ ਕਰੇ, ਤਾਂ ਦੋਸ਼ ਕਿਵੇਂ ਲੱਗ ਸਕਦਾ ਹੈ ? 31।

ਮੂਰਖ ਵੀ ਖਲੱ ਨੂੰ ਪੁਰਸ਼ ਨਹੀਂ ਮੰਨਦੇ। ਜੋ ਮਨੁੱਖ ਅਜੇਹੀ ਬੁੱਧੀ ਰਖਦੇ ਹਨ, ਉਹ ਅਨਾਰਿਆ ਹਨ ਖੱਲ ਵਿਚ ਜਿਉਂਦੇ ਮਨੱਖ ਦੀ ਕਲਪਨਾ ਬੇਕਾਰ ਹੈ ਇਸ ਤਰ੍ਹਾਂ ਤੁਹਾਡੀ ਗੱਲ ਅਸੱਤ [ਝੂਠੀ], ਹੋ ਜਾਂਦੀ ਹੈ। 32।

ਜਿਸ ਵਚਨ ਦੇ ਪ੍ਰਯੋਗ ਨਾਲ ਜੀਵ ਹਿਸਾ ਦਾ ਪਾਪ ਲਗਦਾ ਹੋਵੇ, ਅਜੇਹੇ ਵਚਨ ਗੁਣਾਂ ਦਾ ਕਾਰਣ ਨਾ ਹੋ ਕੇ ਪਾਪਾ ਦਾ ਕਾਰਣ ਤੇ ਕਰਮਬੰਧ ਦਾ ਕਾਰਣ ਹਨ। ਇਸ ਲਈ ਦੀਖਿੱਆ ਦਾ ਧਾਰਮਿਕ ਮੁਨੀ, ਅਜੇਹੀ ਬੋਲੀ ਨਾ ਬੋਲੇ, ਜੋ ਸਾਰਾ ਰਹਿਤ ਹੋਵੇ। 33

ਹੇ ਬੁਧ ਧਰਮ ਨੂੰ ਮੰਨਣ ਵਾਲਿਓ ! ਤੁਸੀਂ ਹੀ ਸਾਰੇ ਸੰਸਾਰ ਦੇ ਪਦਾਰਥਾ ਨੂੰ ਜਾਣਦੇ ਹੋ। ਤੁਸੀਂ ਕਰਮ ਫਲ ਜਾਣਦੇ ਹੋ ? ਤੁਹਾਡਾ ਹੀ ਜਸ ਪੂਰਵ ਸਮੁੰਦਰ ਤੋਂ ਲੈ ਕੇ ਪਛਮ ਸਮੁੰਦਰ ਤੱਕ ਫੈਲਿਆ ਹੈ ? ਕਿ ਤੁਸੀਂ ਹਥ ਤੇ ਰਖੀ ਚੀਜ਼ ਦੀ ਤਰ੍ਹਾਂ ਹਰ ਤਰਾਂ ਦਾ ਗਿਆਨ (ਭਾਗ ਸਰਵੱਗਤਾ) ਹਾਸਲ ਕਰ ਲਿਆ ਹੈ ?34।

ਜੈਨ ਧਰਮ ਨੂੰ ਮੰਨਣ ਵਾਲੇ ਪੁਰਸ਼, ਜੀਵਾ ਦੇ ਕਰਮ ਫਲ ਸਵਰੂਪ ਪੀੜਾ ਨੂੰ ਭਲੀ ਭਾਂਤ ਸਮਝ ਕੇ, ਸ਼ੁਧ ਭੋਜਨ ਸਵੀਕਾਰ ਕਰਦੇ ਹਨ। ਕਪਟ ਨਾਲ ਰੋਜ਼ੀ ਕਮਾਉਣ ਵਾਸਤੇ, ਮਾਇਆ (ਧੋਖੇ) ਵਾਲੀ ਗੱਲ ਨਹੀਂ ਆਖਦੇ। ਇਸ ਜੈਨ ਧਰਮ ਵਿਚ ਸੰਜਮੀ ਪੁਰਸ਼ਾ ਦਾ ਇਹੋ ਧਰਮ ਹੈ। 35।

ਜੋ ਪੁਰਸ਼ ਦੋ ਹਜਾਰ ਭਿਖੁਸ਼ਾ ਨੂੰ ਹਰ ਰੋਜ ਭੋਜਨ ਕਰਾਉਂਦਾ ਹੈ ਉਹ ਅਸੰਜਮੀ ਖੂਨੀ ਨਾਲ ਰੰਗੇ ਹੱਥ ਵਾਲਾ ਪਾਪੀ, ਅਤੇ ਸੰਸਾਰ ਵਿਚ ਨਿੰਦਕ ਹੈ। 36।

ਤੁਹਾਡੇ ਮੱਤ ਵਿਚ ਮੋਟੀ ਤਾਜੀ ਭੇਡ ਨੂੰ ਮਾਰਕੇ, ਭਿਖਸ਼ੂਆ ਦੇ ਭੋਜਨ ਲਈ,

ਨਮਕ ਤੇਲ ਵਿਚ ਪਕਾ ਕੇ, ਪਿਪੱਲ ਆਦਿ ਮਸਾਲੇ ਲਗਕੇ ਤਿਆਰ ਕਰਦਾ ਹੈ। ਉਹ ਮਾਸ; ਬੁੱਧ ਭਿਖਸ਼ੂ ਦੇ ਯੋਗ ਸਮਝਿਆ ਜਾਂਦਾ ਹੈ ਤੁਹਾਡੇ ਭੋਜਨ ਦਾ ਇਹੋ ਢੰਗ ਹੈ। 37।

ਅਨਾਰਿਆ ਦਾ ਕੰਮ ਕਰਨ ਵਾਲੇ ਅਨਾਰਿਆ, ਅਗਿਆਨੀ, ਰਸ ਲਾਲਚੀ ਬੁੱਧ ਭਿਖਸ਼ੂ ਇਹ ਆਖਦੇ ਹਨ ਬਹੁਤ ਮਾਸ ਖਾਂਦੇ ਹੋਏ ਵੀ, "ਅਸੀਂ ਪਾਪ ਕਰਮ ਦਾ ਬੰਧ ਨਹੀਂ ਕਰਦੇ" (ਕਿਉਂਕਿ ਇਹ ਮਾਸ ਅਸੀਂ ਅਪਣੇ ਹੱਥ ਨਾਲ ਜੀਵ ਮਾਰ ਕੇ ਨਹੀਂ ਤਿਆਰ ਕੀਤਾ) ਆਖਦੇ ਹਨ। 38।

ਜੋ ਲੋਕ ਉਪਰੋਕਤ ਵਿਧੀ ਨਾਲ ਮਾਸ ਦਾ ਸੇਵਨ ਕਰਦੇ ਹਨ। ਉਹ ਅਨਜਾਨ ਪਾਪ ਦਾ ਸੇਵਨ ਕਰਦੇ ਹਨ। ਉਹ ਹੀ ਪੁਰਸ਼ ਵਿਦਵਾਨ ਹਨ, ਜੋ ਮਾਸ ਖਾਣ ਦੀ ਇੱਛਾ ਨਹੀਂ ਰਖਦੇ। ਮਾਸ ਖਾਣ ਵਿਚ ਦੋਸ਼ ਨਾ ਮਨਣਾ ਹੀ ਪਾਪ ਹੈ। 39।

ਸਾਰੇ ਪ੍ਰਾਣੀਆਂ ਤੇ ਦਿਆ ਕਰਨ ਦੇ ਲਈ, ਸਾਰੇ ਦੋਸ਼ਾ ਤੋਂ ਦੂਰ ਰਹਿਣ ਵਾਲੇ, ਉਸ ਪਾਪ ਦੀ ਸੰਕਾ ਰਖਣ ਵਾਲੇ ਭਗਵਾਨ ਮਹਾਵੀਰ ਦੇ ਚੇਲੇ ਰਿਸ਼ੀ, ਹੁਣ ਵੀ ਆਪਣੇ ਲਈ ਤਿਆਰ (ਉਦਿਸ਼ਟ ਭਕਤ) ਭੋਜਨ ਦਾ ਤਿਆਗ ਕਰਦੇ ਹਨ। 40।

ਪ੍ਰਾਣੀਆਂ ਦੀ ਹਿੰਸਾ ਦੀ ਸੰਕਾ ਹੋਣ ਤੇ ਸੰਸਾਰ ਤੋਂ ਵਿਰੱਕਤ ਸਾਧੂ ਪੁਰਸ਼, ਹਿੰਸਕ ਤੇ ਦੋਸ਼ ਪੂਰਨ ਭੋਜਨ ਅੰਗੀਕਾਰ ਨਹੀਂ ਕਰਦੇ। ਇਹ ਜੈਨ ਸ਼ਾਸਨ (ਧਰਮ) ਤੇ ਸੰਜਮੀ ਪੁਰਸ਼ਾ ਦਾ ਧਰਮ ਹੈ। 41।

ਇਸ ਨਿਰਗ੍ਰੰਥ ਧਰਮ ਵਿਚ ਸਥਿਤ ਪੁਰਸ਼, ਸਮਾਧੀ ਨੂੰ ਪ੍ਰਾਪਤ ਕਰਕੇ ਅਤੇ ਭਲੀ ਪ੍ਰਕਾਰ ਜਾਨਕੇ, ਮਾਇਆ ਰਹਿਤ ਹੋਕੇ, ਸੰਜਮ ਦਾ ਪਾਲਨ ਕਰੇ। ਇਸ ਧਰਮ ਦੇ ਪਾਲਨ ਨਾਲ ਪਦਾਰਥ ਦੇ ਗਿਆਨ ਨੂੰ ਪ੍ਰਾਪਤ, ਤ੍ਰਿਕਾਲ ਗਿਆਨੀ, ਸ਼ੀਲਪੁਰਸ਼ ਪ੍ਰਸ਼ੰਸਾ ਪ੍ਰਾਪਤ ਕਰਦੇ ਹਨ।42

## ਬ੍ਰਾਹਮਣ ਤੇ ਆਦਰਕਮੁਨੀ

(ਬ੍ਰਾਹਮਣ ਲੋਕ ਆਦਰਕ ਮੁਨੀ ਨੂੰ ਆਖਦੇ) "ਜੋ ਪੁਰਸ਼ ਦੋ ਹਜ਼ਾਰ (ਬ੍ਰਹਮ-ਚਾਰੀਆਂ) ਵਿਦਿਆਰਥੀ ਬ੍ਰਾਹਮਣਾਂ ਨੂੰ ਪ੍ਰਤਿ ਦਿਨ ਭੋਜਨ ਕਰਾਉਂਦਾ ਹੈ ਉਹ ਪੁੰਨ ਕਮਾ-ਉਂਦਾ ਤੇ ਦੇਵਤਾ ਬਣਦਾ ਹੈ" ਅਜਿਹਾ ਵੇਦ ਕਥਨ ਹੈ। 43

## ਆਦਰਕ ਮੁਨੀ

ਖੱਤਰੀ ਆਦਿ ਕੁੱਲਾ ਵਿਚ ਭੋਜਨ ਲਈ ਘੁਮਨ ਵਾਲੇ ਦੋ ਹਜ਼ਾਰ ਬ੍ਰਾਹਮਣਾ ਨੂੰ ਜੋ ਭੋਜਨ ਕਰਾਉਂਦਾ ਹੈ, ਉਹ ਮਨੁੱਖ ਮਾਸ ਇੱਛੁਕ ਪੰਛੀਆ ਨਾਲ ਭਰੇ ਨਰਕ ਵਿਚ

---

43-45 ਇਥੇ ਖਾਲੀ ਭੋਜਨ ਨਾਲ ਸਵਰਗ ਪ੍ਰਾਪਤੀ ਦੇ ਸਿਧਾਂਤ ਦਾ ਕਥਨ ਹੈ। ਦਾਨ, ਦਾਨੀ ਦੋਹੇ ਸੁਪਾਤਰ ਹੋਣੇ ਚਾਹੀਦੇ ਹਨ। ਜੋ ਬ੍ਰਾਹਮਣ ਯੱਗ ਵਿਚ ਹੋਣ ਵਾਲੀ ਪਸ਼ੂ ਹਿੰਸਾ ਵਿਚ ਧਰਮ ਮੰਨਦੇ ਹਨ। ਅਜਿਹੇ ਦਾਨ ਦੇਣ ਵਾਲੇ ਤੇ ਲੈਣ ਵਾਲੇ ਨਰਕ ਦੇ ਅਧਿਕਾਰੀ ਹਨ। ਆਦਰਕ ਮੁਨੀ ਦਾ ਸਪਸ਼ਟ ਕਥਨ ਹੈ "ਧਰਮ ਜੀਵ-ਦਿਆ ਵਿਚ ਹੈ ਹਿੰਸਾ ਵਿਚ ਨਹੀਂ।

ਜਾਂਦਾ ਹੈ ਜਿਥੇ ਉਹ ਭਿਆਨਕ ਤਾਪ ਭੋਗਦਾ ਰਹਿੰਦਾ ਹੈ। 44

ਦਿਆ ਪ੍ਰਧਾਨ ਧਰਮ ਦੀ ਨਿੰਦਾ ਅਤੇ ਹਿੰਸਾ ਪ੍ਰਧਾਨ ਧਰਮ ਦੀ ਪ੍ਰਸੰਸਾ ਕਰਨ ਵਾਲਾ ਰਾਜਾ ਜੇ ਇਕ ਵੀ ਸ਼ੀਲ ਰਹਿਤ ਬ੍ਰਾਹਮਣ ਨੂੰ ਭੋਜਨ ਕਰਾਉਂਦਾ ਹੈ ਤਾਂ ਉਹ ਹਨੇਰੀ ਨਰਕ ਵਿਚ ਪੈਦਾ ਹੁੰਦਾ ਹੈ। ਅਜੇਹੇ ਆਦਮੀ (ਦਾਨੀ) ਦੇਵਲੋਕ ਵਿਚ ਪੈਦਾ ਨਹੀਂ ਹੁੰਦੇ। 45

## ਏਕ ਦੰਡੀ (ਸਾਂਖਯ ਦਰਸ਼ਨ)

ਹੇ ਆਦਰਕ ਮੁਨੀ ! ਆਪਣਾ ਦੋਹਾ ਧਰਮ ਮਿਲਦਾ ਜੁਲਦਾ ਹੈ ਆਪਾਂ ਦੋਹੇ ਭੂਤ, ਵਰਤਮਾਨ ਤੇ ਭਵਿਖ ਤਿੰਨੇ ਕਾਲਾਂ ਵਿਚ ਧਰਮਵਿਚ ਸਥਿਤ ਰਹਿੰਦੇ ਹਾਂ। ਦੋਹਾਂ ਮੱਤਾਂ ਵਿਚ ਆਚਾਰ (ਚਾਰਿੱਤਰ) ਸ਼ੀਲ ਮਨੁੱਖ ਨੂੰ ਹੀ, ਗਿਆਨੀ ਕਿਹਾ ਗਿਆ ਹੈ। ਸੰਸਾਰ ਸੰਭਧੀ ਦੋਹਾ ਦਰਸ਼ਨਾ ਵਿਚ ਕੋਈ ਖਾਸ ਫਰਕ ਨਹੀਂ। 46

ਇਹ ਪੁਰਸ਼ (ਆਤਮਾ) ਅਵਿੱਕਤ (ਨਾ ਕਥਨ ਯੋਗ) ਰੂਪ ਹੈ ਇੰਦਰੀਆਂ ਤੇ ਮਨ ਰਾਹੀਂ ਵੇਖੀ ਨਹੀਂ ਜਾ ਸਕਦੀ, ਫੇਰ ਵੀ ਸਰਵਲੋਕ ਵਿਆਪੀ, ਨਿੱਤ ਹੈ। ਨੁਕਸਾਨ ਤੇ ਵਿਕਾਸ ਤੋਂ ਮੁਕਤ ਹੈ। ਇਹ ਆਤਮ (ਪੁਰਸ਼) ਸਭ ਭੂਤਾਂ ਵਿਚ ਸੰਪੂਰਨ ਰੂਪ ਨਾਲ ਰਹਿੰਦਾ ਹੈ ਜਿਸ ਤਰ੍ਹਾਂ ਚੰਦਰਮਾ ਸਾਰੇ ਤਾਰਿਆ ਨਾਲ ਸਭਧਿਤ ਰਹਿੰਦਾ ਹੈ। 47

## ਆਦਰਕ ਮੁਨੀ

ਹੇ ਇਕਦਡੀਓ, ਆਪਦੇ ਸਿਧਾਂਤ ਅਨੁਸਾਰ ਸੁਖੀ ਤੇ ਦੁਖੀ ਆਦਿ ਦੀ ਵਿਵਸਥਾ ਠੀਕ ਨਹੀਂ ਬਣਦੀ। ਜੀਵ (ਆਤਮ) ਆਪਣੇ ਕਰਮ ਤੋਂ ਪ੍ਰੇਰਿਤ ਹੋ ਕੇ ਜਨਮ ਮਰਨ ਵਿਚ ਘੁੰਮਦਾ ਹੈ, ਇਹ ਵੀ ਸਿਧ ਨਹੀਂ ਹੁੰਦਾ। ਬ੍ਰਾਹਮਣ, ਖਤਰੀ ਤੇ ਸੂਦਰ ਵੈਸ਼ ਦਾ, ਭੇਦ ਵੀ ਪ੍ਰਗਟ ਨਹੀਂ ਹੁੰਦਾ। ਕੀੜੇ ਪੰਛੀ, ਰਿੰਗਨ ਵਾਲੇ ਜਾਨਵਰਾ ਦੀ ਭਿੰਨਤਾ ਸਿੱਧ ਨਹੀਂ ਹੁੰਦੀ। ਇਸ ਤਰ੍ਹਾ ਸਾਰੇ ਮਨੁੱਖ ਤੇ ਸਾਰੇ ਦੇਵਲੋਕ ਦੇ ਦੇਵ ਆਦਿ ਗਤੀ ਦੇ ਭੇਦ ਵੀ ਸਿਧ ਨਹੀਂ ਹੁੰਦੇ। 48

ਇਸ ਲੋਕ ਨੂੰ ਕੇਵਲ ਗਿਆਨ (ਬ੍ਰਹਮ ਗਿਆਨ) ਤੋਂ ਬਿਨ੍ਹਾਂ ਜਾਨ ਕੇ ਜੋ ਲੋਕ ਧਰਮ ਉਪਦੇਸ਼ ਕਰਦੇ ਕਰਦੇ ਹਨ ਖੁਦ ਬਰਵਾਦ ਜੀਵ ਅਪਣੇ ਆਪ ਤੇ ਦੂਸਰੇ ਨੂੰ ਵੀ ਘੋਰ ਅਪਾਰ ਸੰਸਾਰ ਵਿਚ ਨਸ਼ਟ ਕਰਦੇ ਹਨ। 49

ਪਰ ਜੋ ਸਮਾਧੀਪੂਰਨ ਵਾਲੇ ਪੁਰਸ਼, ਕੇਵਲ ਗਿਆਨ ਰਾਹੀਂ ਇਸ ਲੋਕ ਨੂੰ ਜਾਣਦੇ ਹਨ ਉਹ ਸੱਚੇ ਧਰਮ ਦੇ ਉਪਦੇਸ਼ਕ ਹਨ ਉਹ ਆਪ ਪਾਪ ਤੋਂ ਪਾਰ ਹੋ ਗਏ ਹਨ ਅਤੇ ਹੋਰਾ ਪਾਰ ਕਰਨ ਵਿਚ ਸਮਰਥ ਹਨ। 50

ਇਸ ਸੰਸਾਰ ਵਿਚ ਜੋ ਲੋਕ ਨਿੰਦਾ ਯੋਗ ਆਚਰਣ ਕਰਦੇ ਹਨ ਅਤੇ ਜੋ ਉਤਮ ਆਚਰਨ ਕਰਦੇ ਹਨ ਉਨ੍ਹਾਂ ਦੋਹਾ ਦੀ ਕ੍ਰਿਆ ਨੂੰ ਕੇਵਲ ਗਿਆਨ ਰਹਿਤ ਪੁਰਸ਼ ਇਸ ਤਰ੍ਹਾਂ ਦਸਦੇ ਹਨ। ਹੇ ਆਯੂਸ਼ਮਾਨ ! ਉਹ ਸੁਭ ਆਚਰਨ ਕਰਨ ਵਾਲੇ ਨੂੰ ਅਸੁਭ ਆਚਰਨ ਵਾਲਾ ਅਤੇ ਅਸੁਭ ਆਚਰਨ ਵਾਲੇ ਨੂੰ ਸੁਭ ਆਚਰਨ ਵਾਲਾ ਦਸ ਕੇ ਉਲਟ ਗੱਲਾ ਦਾ ਪ੍ਰਚਾਰ ਕਰਦੇ ਹਨ। 51

## ਹਸਤੀ ਤਪਸ

ਅਸੀਂ ਲੋਕ ਸਾਰੇ ਜੀਵਾ ਦੇ ਦਿਆ ਕਰਦੇ ਹੋਏ ਸਾਲ ਵਿਚ ਇਕ ਬਾਣ ਰਾਹੀ, ਇਕ ਹਾਥੀ ਮਾਰਕੇ ਸਾਲ ਭਰ ਖਾਂਦੇ ਹਨ ਅਤੇ ਉਸ ਦੇ ਮਾਸ ਤੇ ਗੁਜਾਰਾ ਕਰਦੇ ਹਾਂ । 52

## ਆਦਰਕ ਮੁਨੀ

ਸਾਲ ਵਿਚ ਇਕਪ੍ਰਾਣੀ ਮਾਰਨ ਵਾਲੇ ਆਦਮੀ ਵੀ ਦੋਸ ਰਹਿਤ ਨਹੀਂ ਹੈ। ਕਿਉਂਕਿ ਜੀਵਾ ਦੇ ਘਾਤ ਦੀ ਆਦਤ ਤੋਂ ਨਾ ਮੁਕਤ, ਮਨੁੱਖ ਗ੍ਰਹਿਸਥ ਹੀ ਅਖਵਾਉਣਗੇ, ਸਾਧੂ ਨਹੀਂ । 53

ਜੋ ਪੁਰਸ਼ ਸ੍ਰਮਣਾ ਦੇ ਵਰਤਾ ਵਿਚ ਸਥਿਤ ਹੋਕੇ ਸਾਲ ਭਰ ਇਕ ਇਕ ਪ੍ਰਾਣੀ ਹੀ ਮਾਰਦਾ ਹੈ ਅਜੇਹੇ ਪੁਰਸ਼ ਨੂੰ ਕੇਵਲ ਗਿਆਨ ਪ੍ਰਾਪਤ ਨਹੀਂ ਹੁੰਦਾ । 54

ਤੱਤਵ ਦਰਸ਼ੀ ਭਗਵਾਨ ਦੀ ਆਗਿਆ ਨਾਲ ਇਸ ਸ਼ਾਂਤੀ ਪੂਰਨ ਧਰਮ ਨੂੰ ਗ੍ਰਹਿਣ ਕਰਕੇ ਇਸ ਧਰਮ ਵਿਚ ਚੰਗੀ ਤਰ੍ਹਾਂ ਸਥਿਤ ਹੋ ਕੇ ਤਿੰਨ ਕਰਨ (ਕਰਨਾ-ਕਰਾਉਣਾ ਕਰਦੇ ਨੂੰ ਚੰਗਾ ਸਮਝਨਾ) ਤੋਂ ਲੈ ਕੇ ਮਿਥਿਆਤਵ ਦੀ ਨਿੰਦਾ ਕਰਦਾ ਹੋਇਆ ਸਾਧਕ ਅਪਣੀ ਤੇ ਦੂਸਰੇ ਦੀ ਰਖਿਆ ਕਰਦਾ ਹੈ। ਇਸ ਮਹਾਦੁਸ਼ਵਾਰ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰਨ ਲਈ ਵਿਵੇਕੀ ਸਾਧਕ ਸਮਿਅਕ ਦਰਸ਼ਨ, ਗਿਆਨ ਚਾਰਿਤਰ ਧਰਮ ਦੀ ਅਭਿਲਾਸ਼ਾ ਕਰਕੇ ਗ੍ਰਹਿਣ ਕਰੇ । ਅਜੇਹਾ ਮੈਂ ਆਖਦਾ ਹਾਂ ।



# ਸੱਤਵਾਂ ਅਧਿਐਨ ਨਾਲੰਦੀਆ

ਇਸ ਅਧਿਐਨ ਦੀ ਰਚਨਾ ਬਿਹਾਰ ਦੇ ਜਿਲ੍ਹਾ ਨਾਲੰਦਾ ਵਿਚ ਹੋਈ ਸੀ। ਪਹਿਲਾ ਦੇ ਅਧਿਐਨਾ ਵਿਚ ਸਾਧੂ ਜੀਵਨ ਸੰਬਧਿਤ ਨਿਯਮ ਮਰਿਆਦਾਵਾਂ ਹਨ। ਪਰ ਇਸ ਅਧਿਐਨ ਵਿਚ ਗ੍ਰਹਿਸਥ ਧਰਮ ਦੀ ਬੜੀ ਬਾਰੀਕੀ ਨਾਲ ਚਰਚਾ ਕੀਤੀ ਗਈ ਹੈ।

ਨਾਲੰਦਾ ਦਾ ਇਕ ਹੋਰ ਅਰਥ ਨਿਰਯੁਕਤੀਕਾਰ ਨੇ ਕੀਤਾ ਹੈ ਜਿਥੇ ਦਾਨ ਦੀ ਮਨਾਹੀ ਨਹੀਂ, ਉਹ ਨਾਲੰਦਾ ਹੈ। ਭਾਵ ਨਾਲੰਦਾ ਸ਼ਹਿਰ ਵਿਚ ਹਰ ਮੱਤ ਦੇ ਸਾਧੂ ਲਈ ਦਾਨ ਸਹਿਜ ਪ੍ਰਾਪਤ ਹੁੰਦਾ ਸੀ। ਇਸ ਅਧਿਐਨ ਵਿਚ ਨਾਲੰਦਾ ਨੂੰ ਰਾਜਗ੍ਰਹਿ ਨਗਰੀ ਦਾ ਮੁਹੱਲਾ ਦਸਿਆ ਗਿਆ ਹੈ ਜਿਸ ਤੋਂ ਰਾਜ ਗ੍ਰਹਿ ਦੀ ਭੂਗੋਲਿਕ ਹੱਦ ਦਾ ਪਤਾ ਲਗਦਾ ਹੈ ਇਹ ਗਲ ਪੁਰਾਵਤਵ ਪਖੋਂ ਮਹੱਤਵਪੂਰਨ ਹੈ।

ਇਸ ਨਗਰ ਵਿਚ ਲੇਪ ਨਾਂ ਦਾ ਅਮੀਰ ਸ਼੍ਰਮਣੋਪਾਸਕ (ਜੈਨ ਉਪਾਸਕ) ਰਹਿੰਦਾ ਸੀ। ਜੋ ਅਮੀਰੀ ਦੇ ਨਾਲ ਨਾਲ ਤਤੱਵਾਂ ਦਾ ਗੂੜਾ ਜਾਣਕਾਰ ਸੀ। ਉਸ ਨੂੰ ਨਿਰਗ੍ਰੰਥ (ਜੈਨ) ਧਰਮ ਵਿਚ ਅਥਾਹ ਵਿਸ਼ਵਾਸ ਸੀ। ਉਸ ਨੇ ਨਾਲੰਦਾ ਵਿਖੇ ਇਕ ਸ਼ੇਸ਼ ਦ੍ਰਵਿਆ ਨਾਂ ਦੀ ਉਦਕਸ਼ਾਲਾ (ਪਿਆਉ) ਦਾ ਨਿਰਮਾਨ ਕਰਾਇਆ। ਇਸ ਪਿਆਓ ਦੇ ਕੋਲ ਹਸਤੀ ਆਮ ਨਾਂ ਦਾ ਬਗੀਚਾ ਸੀ। ਜੋ ਬਹੁਤ ਸੁੰਦਰ ਸੀ।

ਇਸ ਬਾਗ ਵਿਚ ਭਗਵਾਨ ਮਹਾਵੀਰ ਦੇ ਚੇਲੇ ਇੰਦਰ ਭੂਤੀ ਠਹਿਰੇ ਹੋਏ ਸਨ। ਉਸ ਸਮੇਂ ਭਗਵਾਨ ਪਾਰਸ਼ਵ ਨਾਥ ਦੀ ਪ੍ਰੰਪਰਾ ਦੇ ਨਿਰਗ੍ਰੰਥ [ਜੈਨ] ਸਾਧੂ ਪੇਡਾਲ ਪੁਤਰ ਉਦਕ ਉਸ ਬਗੀਚੇ ਵਿਚ ਪਹੁੰਚੇ। ਦੋਹਾਂ ਵਿਚਕਾਰ ਹੋਈ ਧਰਮ ਚਰਚਾ ਦਾ ਗਿਆਨ ਭਰ-ਪੂਰ ਵਰਨਣ ਇਸ ਅਧਿਐਨ ਵਿਚ ਹੈ।

ਇਸ ਚਰਚਾ ਵਿਚ ਮੁੱਖ ਦੋ ਵਿਸ਼ੇ ਪੇਡਾਲ ਪੁਤਰ ਮੁਨੀ ਨੇ ਭਗਵਾਨ ਗੌਤਮ ਇੰਦਰਭੂਤੀ ਦੇ ਸਾਹਮਣੇ ਉਠਾਏ ਹਨ। ਇਕ ਤਾਂ ਤਰੱਸ [ਹਿਲਨ ਚਲਣ ਵਾਲੇ] ਜੀਵਾ ਦੀ ਹਿੰਸਾ ਦੇ ਪਛਖਾਨ ਨਿਅਮ ਵਾਰੇ ਹੈ। ਦੂਸਰਾ ਨੁਕਤਾ ਇਹ ਹੈ ਕਿ ਜੇ ਤਰੱਸ ਸਥਾਵਰ ਬਣ ਜਾਏ, ਤਾ ਤਰੱਸ ਜੀਵਾਂ ਦੀ ਹਿੰਸਾ ਦਾ ਤਿਆਗ ਬੇਅਰਥ ਹੈ।

ਗੌਤਮ ਸਵਾਮੀ ਨੇ ਸਪਸ਼ਟ ਕੀਤਾ ਹੈ ਕਿ ਇਹ ਤਿੰਨ ਕਾਲ ਵਿਚ ਨਾ ਕਦੇ ਹੋਇਆ ਹੈ ਨਾ ਹੋਵੇਗਾ ਨਾ ਹੋ ਰਿਹਾ ਹੈ ਕਿ ਸਾਰੇ ਤਰੱਸ ਸਥਾਵਰ ਬਣ ਜਾਣ ਜਾਂ ਸਾਰੇ ਸਥਾਵਰ, ਤਰੱਸ ਬਣ ਜਾਨ। ਉਪਾਸਕ ਦਾ ਤਿਆਗ ਉਦੋਂ ਤੱਕ ਹੈ ਜਦ ਤਕ ਉਹ ਜੀਵ

ਉਸ ਤਰੱਸ ਸਥਿਤੀ ਵਿਚ ਹੈ, ਕਿਉਂਕਿ ਉਪਾਸਕ ਕੁਝ ਅੰਸ਼ ਅਹਿੰਸਾ ਦਾ ਪਾਲਨ ਕਰਨ ਵਿਚ ਹੀ ਸਮਰੱਥ ਹੈ। ਸੋ ਜਿਸ ਉਪਾਸਕ ਨੇ ਜਿੰਨੀ ਅਹਿੰਸਾ ਦਾ ਤਿਆਗ ਕੀਤਾ ਹੈ ਉਸੇ ਅੰਸ਼ ਤਕ ਉਸ ਦਾ ਪਛਖਾਨ (ਨਿਅਮ) ਠੀਕ ਪਛਖਾਨ ਹੈ।

ਸ਼੍ਰਾਵਕ ਅਹਿੰਸਾ, ਸੱਚ, ਚੋਰੀ ਦਾ ਤਿਆਗ, ਬ੍ਰਹਮਚਰਜ, ਅਪਰਿਗ੍ਰਹਿ ਆਦਿ ਪੰਜ ਅਣੂਵਰਤਾ, 4 ਸਿਖਿਆ ਵਰਤਾ, 3 ਦਿਸ਼ਾਵਰਤਾ ਰਾਹੀਂ ਅਪਣੀ ਸੰਜਮ ਸਾਧਨਾ ਸ਼ੁਰੂ ਕਰਦਾ ਹੋਇਆ, ਘਰ ਵਿਚ ਰਹਿਕੇ ਵੀ ਦੇਵ, ਗੁਰੂ ਤੇ ਧਰਮ ਦਾ ਸਵਰੂਪ ਜਾਨ ਸਕਦਾ ਹੈ।

ਸਮਿਅਕ ਗਿਆਨ ਤੇ ਸਮਿਅਕ ਦਰਸ਼ਨ ਸਮਿਅਕ ਚਾਰਿਤੱਰ ਦਾ ਪਾਲਨ ਕਰਕੇ ਸਵਰਗ ਜਾਂ ਮੋਕਸ਼ ਪ੍ਰਾਪਤ ਕਰ ਸਕਦਾ ਹੈ।

ਸ਼੍ਰਾਵਕ ਦੀਆ ਪ੍ਰਤਿਮਾਵਾਂ ਦਾ ਪਾਲਨ ਕਰਦਾ ਹੋਇਆ, ਸਾਧੂ ਦੀ ਤਰ੍ਹਾਂ ਗ੍ਰਹਿਸਥ ਵੀ ਘਰੇਲੂ ਜ਼ਿੰਮੇਵਾਰੀ ਪੂਰੀ ਕਰਕੇ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਇਸਦੇ ਉਦਾਹਰਣ ਭਰਤ ਚਕਰਵਰਤੀ, ਮਾਤਾ ਮਰੂਦੇਵੀ ਹਨ। ਜਿਨ੍ਹਾਂ ਘਰ ਵਿਚ ਕੇਵਲ ਗਿਆਨ ਪ੍ਰਾਪਤ ਕੀਤਾ।

ਇਸ ਅਧਿਐਨ ਤੋਂ ਭਗਵਾਨ ਪਾਰਸ਼ਨਾਥ ਦੀ ਪ੍ਰੰਪਰਾ ਦੇ ਚੇਲਿਆ ਦੇ ਵਿਸ਼ਵਾਸ ਦਾ ਪਤਾ ਚਲਦਾ ਹੈ। ਗੌਤਮ ਸਵਾਮੀ ਦੇ ਸਹੀ ਉਤਰ ਪਾਕੇ ਪੈਡਾਲ ਪੁਤਰ ਮੁਨੀ ਭਗਵਾਨ ਪਾਰਸ਼ਨਾਥ ਦੇ ਚਤੁਰਯਾਮ ਨੂੰ ਛੱਡਕੇ, ਭਗਵਾਨ ਮਹਾਵੀਰ ਦੇ ਸੰਘ ਵਿਚ ਸ਼ਾਮਲ ਹੋ ਗਏ।

ਇਸ ਅਧਿਐਨ ਤੋਂ ਪਤਾ ਲਗਦਾ ਹੈ ਕਿ ਭਗਵਾਨ ਮਹਾਵੀਰ ਦੇ ਕੇਵਲ ਗਿਆਨ ਤੋਂ ਬਾਅਦ ਵੀ ਬਹੁਤ ਸਾਰੇ ਪਾਰਸ਼ਵਨਾਥ ਅਨੁਯਾਈ ਅਪਣੀ ਸੁਤੰਤਰ ਸੱਤਾ ਰਖਦੇ ਸਨ। ਪੰਜਵੇਂ ਅੰਗ ਭਗਵਤੀ ਵਿਚ ਇਸ ਤਰ੍ਹਾਂ ਦੀਆਂ ਕਈ ਚਰਚਾਵਾਂ ਦਾ ਇਤਿਹਾਸਿਕ ਵਰਨਣ ਹੈ। ਸ੍ਰੀ ਉਤਰਾਧਿਐਨ ਸੂਤਰ ਵਿਚ ਕੇਸ਼ੀ-ਗੌਤਮ ਵਾਰਤਾ ਇਸ ਗੱਲ ਦਾ ਸਪਸ਼ਟ ਉਦਾਹਰਣ ਹੈ।

# ਸਤਵਾ ਨਾਲੰਦੀਆ : ਅਧਿਅਨ

ਉਸ ਕਾਲ, ਉਸ ਸਮੇਂ ਰਾਜਗ੍ਰਿਹ ਨਾ ਦੀ ਨਗਰੀ ਸੀ ਜੋ ਰਿਧੀਆ ਨਾਲ ਭਰਪੂਰ ਸੀ (ਇਸ ਦਾ ਵਰਨਣ ਔਪਾਪਾਤਿਕ ਸੂਤਰ ਵਿਚ ਨਗਰ ਵਰਨਣ ਦੀ ਤਰ੍ਹਾਂ ਜਾਨਣਾ ਚਾਹੀਦਾ ਹੈ) ਹਰ ਪ੍ਰਕਾਰ ਦੇ ਅੰਦਰਲੇ ਬਾਹਰਲੇ ਭੈ ਤੋਂ ਮੁਕਤ ਸੀ। ਉਸ ਰਾਜਗ੍ਰਿਹ ਦੇ ਬਾਹਰ ਈਸ਼ਾਨ ਕੋਣ (ਉਤਰ ਪੂਰਵ) ਵੱਲ ਨਾਲੰਦਾ ਨਾਂ ਦਾ ਪਾੜਾ ਜਾ ਬਾਹਰੀ ਬਸਤੀ ਸੀ। ਉਥੇ ਸੈਂਕੜੇ ਭਵਨ ਸਨ, ਜੋ ਮਹਿਲ ਵੇਖਨ ਯੋਗ ਸਨ। ਇਹ ਨਗਰੀ ਬਹੁਤ ਹੀ ਸੁੰਦਰ ਸੀ। 68

ਉਸ ਰਾਜਗ੍ਰਿਹ ਦੇ ਨਾਲੰਦਾ ਨਾਮ ਦੇ ਬਾਹਰੀ ਪ੍ਰਦੇਸ਼ ਵਿਚ ਲੇਪ ਨਾਂ ਦਾ ਗਾਥਾਪਤਿ ਰਹਿੰਦਾ ਸੀ। ਉਹ ਬੜਾ ਧੰਨਵਾਨ, ਤੇਜਵਾਨ, ਪ੍ਰਸਿਧ ਸੀ। ਉਸ ਕੋਲ ਬੜੇ ਬੜੇ ਭਵਨ, ਪਲੰਗ, ਆਸਨ, ਪਾਲਕੀ ਰਥ ਆਦਿ ਸਵਾਰੀਆਂ, ਘੋੜੇ ਹਾਥੀ ਆਦਿ ਸਵਾਰੀਆਂ ਸਨ। ਕਾਫੀ ਮਾਤਰਾ ਵਿਚ ਸੰਪਤੀ ਤੇ ਸੋਨਾ ਚਾਂਦੀ ਵੀ ਸੀ। ਉਹ ਧਨ ਕਮਾਉਣ ਦੇ ਢੰਗਾ ਤੋਂ ਵਾਕਫ ਸੀ ਉਹ ਪੈਸਾ ਕਮਾਉਣ ਵਿਚ ਮਾਹਿਰ ਤੇ ਤਜਰਵੇ ਕਾਰ ਸੀ। ਉਹ ਬਹੁਤ ਸਾਰਾ ਭੋਜਨ ਪਾਣੀ, ਲੋੜਵੰਦਾਂ ਵਿਚ ਵੰਡਦਾ ਸੀ। ਉਸ ਪਾਸ ਬਹੁਤ ਸਾਰੇ ਦਾਸ, ਦਾਸੀ, ਗਾਵਾਂ, ਮੱਝਾਂ ਤੇ ਭੇਡਾਂ ਸਨ। ਉਹ ਕਿਸੇ ਤੋਂ ਦਬਦਾ ਨਹੀਂ ਸੀ। ਉਹ ਬੇਧੜਕ ਆਦਮੀ ਸੀ। ਉਹ ਲੇਪ ਨਾਂ ਦਾ ਗਾਥਾਪਿਤ ਸ਼੍ਰਮਣੋਪਾਸਕ (ਜੀਵ ਅਜੀਵ ਦਾ ਜਾਨਦਾਰ ਜੈਨ ਸ਼੍ਰਾਵਕ) ਵੀ ਸੀ। ਇਸ ਬਾਰੇ ਉਪਾਸਕ ਦਸਾਂਗ ਵਿਚ ਵਰਨਿਤ ਆਨੰਦ ਸ਼੍ਰਾਵਕ ਦੀਆਂ ਵਿਸ਼ੇਸ਼ਤਾਵਾਂ ਜਾਣ ਲੈਣੀਆਂ ਚਾਹੀਦੀਆਂ ਹਨ।

ਉਹ ਲੇਪ ਨਿਰਗ੍ਰੰਥ ਪ੍ਰਵਚਨ ਵਿਚ ਸ਼ੰਕਾ ਰਹਿਤ ਸੀ, ਧਰਮ ਦੇ ਫਲ ਦੀ ਇੱਛਾ ਤੋਂ ਰਹਿਤ ਸੀ ਧਰਮ ਫਲ ਦੇ ਸ਼ੱਕ ਤੋਂ ਮੁਕਤ ਸੀ। ਉਹ ਪੁਰਸ਼ ਗੁਣੀ ਮਨੁੱਖ ਦੀ ਨਿੰਦਾ ਤੋਂ ਦੂਰ ਸੀ।

ਉਹ ਧਰਮ ਦੇ ਵਾਸਤਵਿਕ ਤੱਤਵ ਸਵਰੂਪ ਨੂੰ ਪਾ ਚੁਕਾ ਸੀ। ਉਸਨੇ ਮੋਕਸ਼ ਮਾਰਗ ਸਵੀਕਾਰ ਕਰ ਲਿਆ ਸੀ। ਵਿਦਵਾਨ ਤੋਂ ਪੁਛ ਕੇ ਪਦਾਰਥਾ ਦਾ ਗਿਆਨ ਹਾਸਲ ਕਰ ਲਿਆ ਸੀ। ਪ੍ਰਸ਼ਨਾਂ ਦੇ ਉਤਰਾਂ ਰਾਹੀ ਤੱਤਵਾ ਤੇ ਨਿਸ਼ਚਾ ਕਰ ਲਿਆ ਸੀ। ਉਸ ਨੂੰ ਆਪਣੇ ਚਿਤ ਵਿਚ ਸਮਾ ਲਿਆ ਸੀ। ਉਸ ਦਾ ਹਿਰਦਾ ਸਮਿਕੱਤਵ ਰੂਪੀ ਖੁਸ਼ਬੂ ਨਾਲ ਮਹਿਕ ਰਿਹਾ ਸੀ। ਨਿਰਗ੍ਰੰਥ ਪ੍ਰਵਚਨ ਪ੍ਰਤਿ ਉਸ ਦਾ ਅਨੁਰਾਗ ਹੱਡੀਆਂ ਤੇ ਨਸਾ ਵਿਚ ਸਮਾ ਚੁੱਕਾ ਸੀ।

ਨਿਰਗ੍ਰੰਥ (ਜੈਨ) ਪ੍ਰਵਚਨ ਬਾਰੇ ਜਦ ਵੀ ਉਸਨੂੰ ਕੋਈ ਪ੍ਰਸ਼ਨ ਕਰਦਾ ਸੀ ਤਾਂ ਉਹ ਆਖਦਾ ਸੀ "ਹੇ ਆਯੁਸ਼ਮਾਨ! ਇਹ ਨਿਰਗ੍ਰੰਥ ਪ੍ਰਵਚਨ ਹੀ ਮੇਰੀ ਸੰਪਤੀ ਹੈ ਇਹੋ ਸੱਚ ਹੈ

ਪਰਮਾਰਥ ਹੈ ਇਸ ਤੋਂ ਇਲਾਵਾ ਸਾਰੇ ਦਰਸ਼ਨ (ਵਿਸ਼ਵਾਸ਼) ਜਾਂ ਧਰਮ ਕੂੜ ਹਨ, ਝੂਠੇ ਹਨ।"

ਲੇਪ ਦਾ ਨਿਰਮਲ ਜਸ ਚਾਰੇ ਪਾਸੇ ਫੈਲਿਆ ਹੋਇਆ ਸੀ। ਉਸ ਦੇ ਘਰ ਦੇ ਦਰਵਾਜੇ ਲੋੜ ਬੰਦਾ ਲਈ ਹਮੇਸਾ ਖੁਲੇ ਰਹਿੰਦੇ ਸਨ। ਰਾਜਿਆ ਦੇ ਮਹਿਲ ਉਸ ਲਈ ਸਨ ਉਹ ਚਾਰਿਤਰ ਪੱਖੋਂ ਹਰ ਆਦਮੀ ਲਈ ਵਿਸ਼ਵਾਸ ਪਾਤਰ ਸੀ।

ਉਹ ਚਤੁਰਦਸੀ (14) ਅਸ਼ਟਮੀ (8) ਅਮਾਵਸਯ (11) ਤੇ ਪੂਰਣਮਾਸ਼ੀ (15) ਤਾਰਿਖਾ ਨੂੰ ਹਰ ਮਹੀਨੇ ਪੋਸਧ ਉਪਵਾਸ ਕਰਦਾ ਸੀ। ਉਹ ਸ਼੍ਰਮਣਾ ਨਿਰਗ੍ਰੰਥਾ ਨੂੰ ਭਿੱਖਿਆ ਦੇ 42 ਦੋਸ਼ ਵਾਲੇ ਦੇ ਸੁਧ ਅਸ਼ਨ, ਪਾਨ, ਖਾਦਯ, ਸਵਾਦਯ ਚਾਰੇ ਪ੍ਰਕਾਰ ਦਾ ਭੋਜਨ ਦਿੰਦਾ ਸੀ ਅਨੇਕਾ ਸਿਖਿਆਵਰਤ 3 ਗੁਣਵਰਤ ਤੇ ਹਿੰਸਾ ਆਦਿ ਦੇ ਤਿਆਗ ਰੂਪ 5 ਅਨੂਵਰਤ, ਤਿਆਗ, ਨਿਅਮ, ਪਛਖਾਨ, ਪੋਸ਼ਧ ਰਾਹੀਂ ਆਪਣੀ ਆਤਮਾ ਨੂੰ ਪਵਿਤਰ ਕਰਦਾ ਹੋਈਆਂ ਧਾਰਮਿਕ ਜੀਵਨ ਗੁਜਾਰ ਰਿਹਾ ਸੀ। 69

ਉਸ ਯੁੱਗ ਵਿਚ ਨਾਲੰਦਾ ਦੇ ਬਾਹਰ ਉਤਰ ਪੂਰਵ, ਦਿਸ਼ਾ ਵਿਚ ਲੇਪ ਗ੍ਰਹਿਪਤਿ (ਗ੍ਰਹਿਸਥ) ਨੇ ਆਪਣੇ ਘਰ ਦੀ ਸਾਮਗਰੀ ਤੋਂ ਬਚੇ ਸਮਾਨ ਨਾਲ ਇਕ ਪਿਆਓ ਸ਼ੇਸ ਦਰਵਿਆ ਦਾ ਨਿਰਮਾਣ ਕੀਤਾ ਸੀ, ਜੋ ਅਨੇਕ ਪ੍ਰਕਾਰ ਦੇ ਖੰਬਿਆ ਤੇ ਟਿਕੀ ਹੋਈ ਸੀ ਇਹ ਸੁੰਦਰ ਤੇ ਰਮਣੀਕ ਸੀ, ਲੇਪ ਨੇ ਉਸ ਪਿਆਓ ਦਾ ਨਾਮ ਸ਼ੇਸ ਦਰਵਿਆ ਰਖਿਆ। ਉਸੇ ਪਿਆਓ ਦੇ ਈਸ਼ਾਨ ਕੋਣ ਵੱਲ ਹਸਤੀਯਾਮ ਨਾਂ ਦਾ ਵਿਸ਼ਾਲ ਜੰਗਲ ਸੀ, ਜੰਗਲ ਕਾਲੇ (ਪੁਰਾਣ) ਦਰਖਤਾਂ ਵਾਲਾ ਸੀ ਇਥੇ ਹਰ ਤਰ੍ਹਾਂ ਦੇ ਦਰਖਤ ਸਨ। ਇਹ ਹਰ ਮੌਸਮ ਵਿਚ ਸਦਾ ਬਹਾਰ ਰਹਿੰਦਾ ਸੀ ਬਾਕੀ ਦਾ ਵਰਨਣ ਔਪਪਾਤਿਕ ਸੂਤਰ ਦੀ ਤਰ੍ਹਾਂ ਹੈ। 70

ਉਸ ਬਨ ਖੰਡ ਦੇ ਪ੍ਰਵੇਸ਼ ਦਰਵਾਜੇ ਵਿਚ ਭਗਵਾਨ ਇੰਦਰ ਭੂਤੀ ਗੌਤਮ ਧਰਮ ਪ੍ਰਚਾਰ ਲਈ ਘੁਮ ਰਹੇ ਸਨ। ਭਗਵਾਨ ਗੌਤਮ ਹੇਠਲੇ ਬਗੀਚੇ ਵਿਚ ਬਿਰਾਜਮਾਨ ਸਨ। ਇਸ ਸਮੇਂ ਉਦੱਕ ਪੇਡਾਲ ਪੁਤਰ ਜੋ ਭਗਵਾਨ ਪਾਰਸ਼ਵ ਨਾਥ ਦੀ ਪ੍ਰੰਪਰਾ ਦਾ ਉਪਾਸਕ ਸੀ, ਮੇਦਾਰਿਆ ਗੋਤਰ ਵਾਲਾ ਨਿਰਗ੍ਰੰਥ ਸੀ। ਭਗਵਾਨ ਗੌਤਮ ਕੋਲ ਆਇਆ।

ਉਸ ਨੇ ਭਗਵਾਨ ਗੌਤਮ ਨੂੰ ਆ ਕੇ ਇਸ ਪ੍ਰਕਾਰ ਕਿਹਾ "ਹੇ ਆਯੁਸ਼ਮਾਨ। ਅਸੀਂ ਆਪ ਤੋਂ ਕਈ ਪ੍ਰਦੇਸ਼ (ਪ੍ਰਸ਼ਨ) ਪੁਛਣੇ ਹਨ। ਹੇ ਆਯੁਸ਼ਮਾਨ! ਜੇਹਾ ਆਪਣੇ ਭਗਵਾਨ ਮਹਾਵੀਰ ਤੋਂ ਸੁਣਿਆ ਹੈ। ਜੈਸਾ ਵਿਸ਼ਵਾਸ ਕੀਤਾ ਹੈ। ਉਸ ਤਰ੍ਹਾਂ ਤਰਕ ਸਹਿਤ ਦਸਨਾ। ਭਗਵਾਨ ਗੌਤਮ ਨੇ ਉਦਕ ਪੇਡਾਲ ਪੁਤਰ ਨੂੰ ਕਿਹਾ ਹੇ ਆਯੁਸ਼ਮਾਨ! ਮੈਂ ਆਪ ਦਾ ਪ੍ਰਸ਼ਨ ਸੁਣ ਕੇ, ਸਮਝ ਕੇ, ਜੇ ਉੱਤਰ ਜਾਣਦਾ ਹੋਵਾਗਾ, ਤਾਂ ਹੀ ਉੱਤਰ ਦੇਵਾਂਗਾ।" 71।

ਵਾਦੀ ਉਦੱਕ ਪੇਡਾਲ ਪੁਤਰ ਨੇ ਗੋਤਮ ਇੰਦਰ ਭੁਤੀ ਨੂੰ ਇਸ ਪ੍ਰਕਾਰ ਕਿਹਾ।"

"ਹੇ ਆਯੁਸ਼ਮਾਨ ਗੌਤਮ! ਕੁਮਾਰ ਪੁਤਰ ਨਾਂ ਦੇ ਸ਼੍ਰਮਣ ਨਿਰਗ੍ਰੰਥ ਹਨ, ਜੋ ਆਪ (ਭਗਵਾਨ ਮਹਾਵੀਰ ਦੇ ਪੰਜ ਮਹਾਵਰਤਾ) ਦਾ ਉਪਦੇਸ਼ ਦਿੰਦੇ ਹਨ। ਜੇ ਕੋਈ ਸ਼੍ਰਮਣੋ

ਪਾਸਕ ਉਨ੍ਹਾਂ ਪਾਸ ਪਛਖਾਨ (ਨਿਯਮ) ਲਈ ਜਾਂਦਾ ਹੈ ਤਾਂ ਉਹ ਇਸ ਪ੍ਰਕਾਰ ਤਿਆਗ ਕਰਾਉਂਦੇ ਹਨ।

"ਰਾਜਾ ਆਦਿ ਦੀ ਜਬਰਦਸਤੀ ਤੋਂ ਛੁਟ ਹਰ ਤਰ੍ਹਾਂ ਦੇ ਗਾਥਾਪਿਤ, ਚੋਰ, ਵਿਮੋਕਸ਼ਣ ਨਿਆਏ ਤੋਂ ਤਰੱਸ ਪ੍ਰਾਣੀ ਤਕ ਸਾਰੇ, ਜੀਵਾ ਦੀ ਹਿੰਸਾ ਦਾ ਤਿਆਗ ਹੈ। ਪਰ ਜੋ ਲੋਕ ਪਛਖਾਨ ਸਵੀਕਾਰ ਕਰਦੇ ਹਨ ਉਨ੍ਹਾਂ ਦਾ ਪਛਖਾਨ ਦੁਸ਼ (ਗਲਤ) ਪਛਖਾਨ ਹੈ। ਇਸ ਢੰਗ ਨਾਲ ਜੋ ਪਛਖਾਨ (ਪਾਪ ਕਰਮ ਦੇ ਤਿਆਗ) ਕਰਾਉਂਦੇ ਹਨ ਉਹ ਵੀ ਪਛਖਾਨ ਗਲਤ ਕਰਵਾਉਂਦੇ ਹਨ ਕਿਉਂਕਿ ਇਸ ਤਰ੍ਹਾਂ ਦਾ ਪਛਖਾਨ ਕਰਾਉਣ ਵਾਲਾ ਸਾਧੂ ਆਪਣੀ ਪਹਿਲਾ ਕੀਤੀ ਪ੍ਰਤਿਗਿਆ ਦਾ ਉਲੰਘਨ ਕਰਦਾ ਹੈ। ਪ੍ਰਤਿਗਿਆ ਭੰਗ ਕਿਵੇਂ ਹੁੰਦੀ ? (ਇਸ ਦਾ ਉਤਰ ਹੈ) "ਸਾਰੇ ਪ੍ਰਾਣੀ ਪਰਿਵਤਨਸ਼ੀਲ ਹਨ ਇਸ ਸਮੇਂ ਜੋ ਕੋਈ ਸਥਾਵਰ ਹੈ ਤਾ ਕਦੇ ਉਹ ਤਰੱਸ ਪ੍ਰਾਣੀ ਦੇ ਰੂਪ ਵਿਚ ਜਨਮ ਲਵੇਗਾ। ਇਸ ਸਮੇਂ ਜੋ ਤਰੱਸ ਹੈ ਉਹ ਕਰਮ ਉਦੇ ਨਾਲ ਸਥਾਵਰ ਜੂਨ ਵਿਚ ਆ ਜਾਂਦੇ ਹਨ। ਅਨੇਕ ਜੀਵ ਸਥਾਵਰ ਕਾਇਆ ਤੋਂ ਨਿਕਲ ਤਰੱਸ ਕਾਇਆ ਵਿਚ ਜਨਮਦੇ ਹਨ। ਤਰੱਸ ਕਾਈਆਂ ਤੋਂ ਨਿਕਲ ਕੇ ਸਥਾਵਰ ਦੇ ਰੂਪ ਵਿਚ ਜਨਮਦੇ ਹਨ। ਉਹ ਤਰੱਸ ਪ੍ਰਾਣੀ ਜਦ ਸਥਾਵਰ ਦੇ ਰੂਪ ਵਿੱਚ ਜਨਮਦੇ ਹਨ ਤਾਂ ਉਨ੍ਹਾਂ ਦਾ ਤਰੱਸ ਕਾਇਆ ਜੀਵਾ ਨੂੰ ਦੰਡ ਨਾ ਦੇਣ ਦੀ ਪ੍ਰਤਿਗਿਆ ਧਾਰਨ ਕੀਤੇ ਪੁਰਸ਼ਾ ਰਾਹੀਂ ਘਾਤ ਕਰਨ ਯੋਗ ਹੋ ਜਾਂਦੇ ਹਨ। 72

(ਇਥੇ ਭਾਵ ਇਹ ਹੈ ਤਰੱਸ ਜੀਵ ਦੀ ਹਿੰਸਾ ਨਾ ਕਰਨ ਦੀ ਕਿਸੇ ਉਪਾਸਕ ਨੇ ਪ੍ਰਤਿਗਿਆ ਲਈ ਹੈ। ਉਹ ਤਰੱਸ ਜੀਵ ਮਰ ਕੇ ਜੋ ਸਥਾਵਰ ਪਰਿਆਏ (ਅਵਸਥਾ) ਵਿਚ ਉਤਪੰਨ ਹੁੰਦਾ ਹੈ ਤਾਂ ਉਹ ਸ਼੍ਰਮਣੋਪਾਸਕ ਉਸ ਜੀਵ ਦੀ ਹਿੰਸਾ ਕਰ ਸਕਦਾ ਹੈ। ਇਸ ਲਈ ਅਜੇਹਾ ਤਿਆਗ ਗਲਤ ਤਿਆਗ ਹੈ) ਮਨ ਲਵੋ ਕਿ ਮਨੁੱਖ ਨੇ ਇਹ ਪ੍ਰਤਿਗਿਆ ਕੀਤੀ "ਮੈਂ ਨਾਗਰਿਕ ਪੁਰਸ਼ ਦੀ ਹਤਿਆ ਨਹੀਂ ਕਰਾਗਾ।"

ਅਜੇਹੀ ਪ੍ਰਤਿਗਿਆ ਕਰਨ ਵਾਲਾ ਪੁਰਸ਼ ਜੇ ਸ਼ਹਿਰ ਤੋਂ ਬਾਹਰ ਗਏ ਨਾਗਰਿਕ ਦੀ ਹੱਤਿਆ ਕਰਦਾ ਹੈ ਤਾਂ ਆਪਣੀ ਪ੍ਰਤੀਗਿਆ ਦਾ ਉਲੰਘਣ ਕਰਦਾ ਹੈ। ਇਸ ਪ੍ਰਕਾਰ ਤਰੱਸ ਜੀਵ ਦੀ ਹਿੰਸਾ ਦਾ ਤਿਆਗੀ ਪੁਰਸ਼ ਜੇ ਤਰੱਸ ਪਰਿਆਏ ਛੱਡ ਕੇ ਉਤਪਨ ਹੋਏ ਜੀਵ ਦੀ ਹਿੰਸਾ ਕਰਦਾ ਹੈ ਤਾਂ ਉਹ ਵੀ ਆਪਣੀ ਪ੍ਰਤਿਗਿਆ ਦਾ ਉਲੰਘਣ ਕਰਦਾ ਹੈ। ਅਜੇਹਾ ਪਛਖਾਨ ਦੁਸ਼ਟ ਪਛਖਾਨ ਹੀ ਮੰਨਿਆ ਜਾਵੇਗਾ)

ਪੇਡਾਲ ਪੁਤਰ ਉਦੱਕ ਆਪਣਾਂ ਮਤ ਪ੍ਰਗਟ ਕਰਦਾ ਹੈ। ਇਸ ਪ੍ਰਕਾਰ ਦਾ ਪਛਖਾਨ ਕਰਨ ਵਾਲੇ ਦਾ ਪਛਖਾਨ ਸੁਪਛਖਾਨ ਹੈ। ਇਸ ਪ੍ਰਕਾਰ ਦਾ ਪਛਖਾਨ ਕਰਾਉਣ ਵਾਲੇ ਦਾ ਪਛੱਖਾਨ ਸਮਿਅਕ ਅਖਵਾਉਂਦਾ ਹੈ। ਇਸ ਪ੍ਰਕਾਰ ਪਛੱਖਾਨ ਕਰਾਉਣ ਵਾਲੇ ਆਪਣੀ ਪ੍ਰਤਿਗਿਆ ਨੂੰ ਭੰਗ ਕਰਦੇ ਹਨ। ਪਛਖਾਨ ਦੀ ਵਿਧੀ ਇਹ ਹੈ ਰਾਜਾ ਆਦਿ ਦੇ ਹੁਕਮ ਤੋਂ ਛੁਟ ਗਾਥਾਪਤਿ ਚੋਰ ਵਿਮੋਕਸ਼ੇ ਨਿਆਏ ਤੋਂ ਲੈ ਕੇ ਵਰਤਮਾਨ ਕਾਲ ਤੱਕ ਪਰਿਆਏ ਨੂੰ ਪ੍ਰਾਪਤ ਪ੍ਰਾਣੀ ਨੂੰ ਦੰਡ ਦੇਣ ਦਾ ਤਿਆਗ ਹੈ (ਭਾਵ ਤਰੱਸ ਜੀਵ ਜਦ ਤਕ ਤਰੱਸ ਅਵਸਥਾ ਵਿਚ ਰਹਿਣ, ਤੱਦ ਤੱਕ ਹਿੰਸਾ ਦਾ ਪਛਖਾਨ ਹੈ) ਇਸ ਭਾਵ ਨੂੰ ਪ੍ਰਗਟ ਕਰਨ ਦੇ ਲਈ

ਤਰੱਸ ਸ਼ਦਾ ਦੇ ਅੱਗੇ ਭੂਤ ਲਗਾ ਦੇਣ ਨਾਲ ਪਛਖਾਨ ਕਰਨ ਵਾਲੇ ਦਾ ਪਛਖਾਨ ਨਸ਼ਟ ਨਹੀਂ ਹੁੰਦਾ। ਜੋ ਸਾਧੂ ਕਰੋਧ ਨਾਲ ਜਾ ਲੋਭ ਕਾਰਣ ਭੂਤ ਸ਼ਬਦ ਨੂੰ ਛੱਡ ਕੇ ਪਛਖਾਨ ਕਰਾਉਂਦੇ ਹਨ ਉਹ ਪ੍ਰਤਿਗਿਆ ਨੂੰ ਭੰਗ ਕਰਦੇ ਹਨ। (ਭਾਵ ਉਨ੍ਹਾਂ ਸਾਧੂਆਂ ਤੇ ਝੂਠ ਦਾ ਦੋਸ਼ ਲਗਦਾ ਹੈ ਅਤੇ ਪਛਖਾਨ ਨੂੰ ਭੰਗ ਕਰਨ ਦਾ ਦੋਸ਼ ਲਗਦਾ ਹੈ।) ਅਤੇ ਪਛਖਾਨ ਕਰਨ ਵਾਲੇ ਦਾ ਵਰਤ ਭੰਗ ਹੁੰਦਾ ਹੈ। ਹੇ ਆਯੁਸ਼ਮਾਨ ਗੋਤਮ ! ਕਿ ਸਾਡਾ ਇਹ ਉਪਦੇਸ਼ ਨਿਆ ਸੰਗਤ ਨਹੀਂ ਹੈ। ਕਿ ਸਾਡਾ ਕਥਨ ਤੁਹਾਨੂੰ ਨਹੀਂ ਜਚਦਾ।73

ਭਗਵਾਨ ਗੋਤਮ ਨੇ ਉਦੱਕ ਪੇਡਾਲ ਉਦਕ ਪੁੱਤਰ ਨੂੰ ਤਰਕ ਸਹਿਤ ਇਸ ਪ੍ਰਕਾਰ ਆਖਿਆ ਹੇ ਆਯੁਸ਼ਮਾਨ ਉਦਕ ! ਤੇਰਾ ਆਖਨਾ ਸਾਨੂੰ ਠੀਕ ਨਹੀਂ ਲਗਦਾ ਕਿ ਜੋ ਸ਼੍ਰਮਣ, ਬ੍ਰਾਹਮਣ ਤੁਹਾਡੇ ਆਖੇ ਅਨੁਸਾਰ ਉਪਦੇਸ਼ ਦਿੰਦੇ ਹਨ, ਉਹ ਸ਼੍ਰਮਣ ਤੇ ਨਿਰਗ੍ਰੰਥ ਸੱਚ ਨਹੀਂ ਬੋਲਦੇ। ਸਗੋਂ ਉਹ ਅਨੁਤਾਪਨੀ (ਤਾਪ ਉਤਪਨ) ਕਰਨ ਵਾਲੀ ਭਾਸ਼ਾ ਬੋਲਦੇ ਹਨ। ਉਹ ਲੋਕ ਸ਼੍ਰਮਣਾ ਤੇ ਸ਼੍ਰਮਣਾ ਉਪਾਸ਼ਕਾ ਤੇ ਗਲਤ ਦੋਸ਼ ਸੜਦੇ ਹਨ ਤੇ ਝੂਠਾ ਕਲੰਕ ਲਗਾਉਂਦੇ ਹਨ। ਜੋ ਲੋਕ ਜੀਵਾ, ਪ੍ਰਾਣੀਆ, ਭੂਤਾ, ਸੱਤਵਾ, ਸੰਬੰਧੀ ਸੰਜਮ ਧਾਰਨ ਕਰਦੇ ਹਨ ਉਨ੍ਹਾਂ ਤੇ ਵੀ ਲਗਾਉਂਦੇ ਹਨ। ਇਸ ਦਾ ਕੀ ਕਾਰਣ ਹੈ ? ਉਹ ਵੀ ਮੈਂ ਦਸਦਾ ਹਾਂ ਸਾਰੇ ਪ੍ਰਾਣੀ ਪਰਿਵਰਤਨ ਸੀਲ ਹਨ। ਤਰੱਸ ਪ੍ਰਾਣੀ ਸਥਾਵਰ ਅਵਸਥਾ ਨੂੰ ਪ੍ਰਾਪਤ ਕਰਦੇ ਹਨ ਅਤੇ ਸਥਾਵਰ, ਤਰੱਸ ਅਵਸਥਾ ਨੂੰ ਪ੍ਰਾਪਤ ਕਰਦੇ ਹਨ। ਉਹ ਤਰੱਸ ਕਾਈਆ ਸਰੀਰ ਛੱਡ ਕੇ ਸਥਾਵਰ ਕਾਈਆਂ ਵਿਚ ਉਤਪਨ ਹੁੰਦੇ ਹਨ ਅਤੇ ਸਥਾਵਰ ਕਾਈਆ ਤੋਂ ਛੁਟ ਕੇ ਤਰੱਸ ਕਾਇਆ ਵਿਚ ਉਤਪੰਨ ਹੁੰਦੇ ਹਨ। ਪਰ ਉਹ ਤਰੱਸ ਹਿੰਸਾ ਦੇ ਤਿਆਗੀਆ ਦਵਾਰਾ ਹਨਣ ਮਾਰਨ ਕਰਨ ਯੋਗ ਨਹੀਂ ਰਹਿੰਦੇ।74

ਤਰੱਕ ਨਾਲ ਉਦੱਕ ਪੇਡਾਲ ਨੇ ਭਗਵਾਨ ਗੋਤਮ ਨੂੰ ਇਸ ਪ੍ਰਕਾਰ ਆਖਿਆ "ਹੇ ਆਯੁਸ਼ਮਾਨ ਗੋਤਮ ! ਉਹ ਪ੍ਰਾਣੀ ਕੌਣ ਹਨ ਜਿਨ੍ਹਾਂ ਨੂੰ ਆਪ ਤਰੱਸ ਆਖਦੇ ਹੋ ? ਆਪ ਤਰੱਸ ਨੂੰ ਹੀ ਤਰੱਸ ਆਖਦੇ ਹੋ ਜਾਂ ਹੋਰ ਪ੍ਰਕਾਰ ਨੂੰ ਆਖਦੇ ਹੋ ?"

ਤਰੱਕ ਨਾਲ ਭਗਵਾਨ ਗੋਤਮ ਨੇ ਉਦੱਕ ਪੇਡਾਲ ਪੁਤਰ ਨੂੰ ਕਿਹਾ "ਹੇ ਆਯੁਸ਼ਮਾਨ ਉਦੱਕ ! ਜਿਸ ਨੂੰ ਤੁਸੀਂ ਤਰੱਸ, ਭੂਤ ਪ੍ਰਾਣੀ ਆਖਦੇ ਹੋ, ਉਸ ਨੂੰ ਅਸੀਂ ਤਰੱਸ ਪ੍ਰਾਣੀ ਆਖਦੇ ਹਾਂ ਅਤੇ ਜਿੰਨਾਂ ਨੂੰ ਅਸੀਂ ਤਰੱਸ ਪ੍ਰਾਣੀ ਆਖਦੇ ਹਨ ਤੁਸੀ ਉਸੇ ਨੂੰ ਤਰੱਸ ਭੂਤ ਆਖਦੇ ਹੋ। ਤਰੱਸ ਤੇ ਤਰੱਸ ਭੂਤ ਇਹੋ ਦੋਹੇ ਸ਼ਬਦ ਇਕੋ ਹੀ ਅਰਥ ਵਾਲੇ ਹਨ। ਫਿਰ ਕੀ ਕਾਰਣ ਹੈ, ਕਿ ਤੁਸੀਂ ਤਰੱਸ ਭੂਤ ਤਰੱਸ ਆਖਣਾ ਕਿਉਂ ਸ਼ੁਧ ਸਮਝਦੇ ਹੋ ? ਅਤੇ ਤਰੱਸ ਪ੍ਰਾਣੀ ਸ਼ਬਦ ਨੂੰ ਅਸ਼ੁਧ ਕਿਉਂ ਸਮਝਦੇ ਹੋ ? ਦੋਹੇ ਇਕੋ ਅਰਥ ਵਾਲੇ ਸ਼ਬਦ ਹੋਣ ਤੇ ਵੀ ਇਕ ਸ਼ਬਦ ਦੀ ਨਿੰਦਾ ਤੇ ਦੂਸਰੇ ਅਰਥ ਦੀ ਪ੍ਰਸ਼ੰਸਾਂ ਕਰਦੇ ਹੋ ਉਦਕ ਪੇਡਾਲ ਪੁਤਰ ਨੂੰ ਭਗਵਾਨ "ਹੇ ਉਦਕ ! ਆਪ ਦਾ ਇਹ ਭੇਦ ਕਰਨਾ ਨਿਆਇਸੰਗਤ ਨਹੀਂ।

ਸ੍ਰੀ ਗੌਤਮ ਸਵਾਮੀ ਫੇਰ ਆਖਦੇ ਹਨ ਜਗਤ ਵਿਚ ਕੋਈ ਕੋਈ ਅਜੇਹੇ ਆਦਮੀ ਵੀ ਹੁੰਦੇ ਹਨ ਸਾਧੂ ਨੂੰ ਇਸ ਪ੍ਰਕਾਰ ਆਖਦੇ ਹਨ ਅਸੀਂ ਗ੍ਰਹਿਸਥ ਤਿਆਗ ਕੇ, ਸਿਰ ਮੁਨਾ ਕੇ ਸਾਧੂ ਵਿਰਤੀ ਧਾਰਨ ਕਰ ਕੇ,ਸਾਧੂ ਧਰਮ ਦਾ ਪਾਲਣ ਕਰਨ ਵਿਚ ਅਸਮਰਥ ਹਾਂ(ਭਾਵ ਉਹ

ਤਰੱਸ ਤੇ ਸਥਾਵਰ ਜੀਵਾ ਦੀ ਹਿੰਸਾ ਦਾ ਤਿਆਗ ਨਹੀਂ ਕਰ ਸਕਦੇ) ਅਸੀਂ ਸਿਲਸਿਲੇ ਵਾਰ ਸਾਧੂ ਧਰਮ ਗ੍ਰਹਿਣ ਕਰਾਂਗੇ ਪਹਿਲਾ ਸੁਖਮ ਪ੍ਰਾਣਤਿਪਾਤ (ਮੋਟੀ ਹਿੰਸਾ) ਤੇ ਫੇਰ ਸੁਖਮ ਪ੍ਰਾਣੀਤਿਪਤ (ਸੂਖਮ ਹਿੰਸਾ) ਦਾ ਤਿਆਗ ਕਰਾਂਗੇ। ਉਹ ਆਪਣੇ ਮਨ ਵਿਚ ਸ਼੍ਰਾਵਕ (ਗ੍ਰਹਿਸਥ) ਧਰਮ ਦਾ ਪਾਲਨ ਕਰਨ ਦਾ ਨਿਸ਼ਚਾ ਦੇ ਵਿਚਾਰ ਕਰਦੇ ਹਨ। ਉਹ ਰਾਜੇ ਆਦਿ ਦੇ ਹੁਕਮ ਦੀ ਛੋਟ ਰਖ ਕੇ, ਗ੍ਰਹਿ ਪਤਿ ਚੋਰ ਗ੍ਰਹਿਣ ਵਿਮੋਕਸਣ ਨਿਆਏ ਤੋਂ ਲੈ ਕੇ ਤਰੱਸ ਜੀਵਾ ਦੀ ਹਿੰਸਾ ਦਾ ਤਿਆਗ ਕਰਦੇ ਹਨ ਅਤੇ ਸਾਧੂ ਇਹ ਜਾਣ ਕਿ ਇਹ ਮਨੁੱਖ ਸਾਰੇ ਸਾਵਦਯ (ਪਾਪਕਾਰੀ ਕਰਮਾਂ) ਨੂੰ ਨਹੀਂ ਛੱਡਦਾ, ਤਾਂ ਜਿਨ੍ਹਾਂ ਛੱਡੇ ਉਨ੍ਹਾਂ ਹੀ ਚੰਗਾ ਹੈ ਉਸ ਨੂੰ ਤਰੱਸ ਪ੍ਰਾਣੀਆਂ ਦੀ ਹਿੰਸਾ ਨਾ ਕਰਨ ਦੀ ਪ੍ਰਤੀਗਿਆ ਕਰਾਉਂਦੇ ਹਨ। ਇਨ੍ਹਾਂ ਤਿਆਗ ਵੀ ਉਸ ਲਈ ਚੰਗਾ ਹੀ ਹੁੰਦਾ ਹੈ। 75।

ਤਰੱਸ ਨਾਮ ਕਰਮ ਦੇ ਉਦੇ (ਪ੍ਰਗਟ) ਹੋਣ ਕਾਰਣ ਜੀਵ ਤਰੱਸ ਅਖਵਾਉਂਦਾ ਹੈ। ਅਤੇ ਉਹ ਤਰੱਸ ਨਾਮ ਕਰਮ ਦਾ ਫਲ ਭੋਗਣ ਕਾਰਣ ਹੀ ਤਰੱਸ ਨਾਮ ਕਰਮ ਨੂੰ ਧਾਰਨ ਕਰਦੇ ਹਨ। ਅਤੇ ਉਨ੍ਹਾਂ ਦੀ ਤਰੱਸ ਕਾਈਆ ਦੀ ਉਮਰ ਦਾ ਕਰਮ ਖਤਮ ਹੋਣ ਤੇ ਸਥਿਤੀ ਦਾ ਕਾਰਣ ਤਰੱਸ ਨਾਮ ਕਰਮ ਢਿਲਾ ਪੈ ਜਾਂਦਾ ਹੈ, ਫੇਰ ਉਨ੍ਹਾਂ ਦੀ ਉਮਰ ਦਾ ਖਾਤਮਾ ਹੋ ਜਾਂਦਾ ਹੈ। ਤਰੱਸ ਆਯੂ ਢਿਲੀ ਪੈ ਜਾਣ ਤੇ ਉਹ ਜੀਵ ਸਥਾਵਰ ਪਰਿਆਏ ਵਿਚ ਆਉਂਦੇ ਹਨ। ਸਥਾਵਰ ਨਾਮ ਕਰਮ ਦੇ ਪ੍ਰਗਟ ਦੇ ਫਲ ਦਾ ਅਨੁਭਵ ਹੋਣ ਤੇ ਜੀਵ ਸਥਾਵਰ ਅਖਵਾਉਂਦਾ ਹੈ ਅਤੇ ਇਸ ਕਾਰਣ ਹੀ ਉਹ ਸਥਾਵਰ ਨਾਮ ਕਰਮ ਨੂੰ ਧਾਰਨ ਕਰਦੇ ਹਨ। ਜਦ ਉਨ੍ਹਾਂ ਦੀ ਸਥਾਵਰ ਦੀ ਉਮਰ ਢਿਲੀ ਪੈ ਜਾਂਦੀ ਹੈ ਅਤੇ ਸਥਾਵਰ ਕਾਈਆ ਵਿਚ ਉਨ੍ਹਾਂ ਦਾ ਸਮਾਂ ਪੂਰਾ ਹੋ ਜਾਂਦਾ ਹੈ। ਤਦ ਉਹ ਉਸ ਉਮਰ ਨੂੰ ਛੱਡ ਦਿੰਦੇ ਹਨ ਅਤੇ ਉਸ ਉਮਰ ਨੂੰ ਛੱਡ ਕੇ ਫੇਰ ਤਰੱਸ ਭਾਵ ਨੂੰ ਪ੍ਰਾਪਤ ਹੁੰਦੇ ਹਨ। ਉਹ ਜੀਵ ਪ੍ਰਾਣੀ ਵੀ ਅਖਵਾਉਂਦੇ ਹਨ, ਤਰੱਸ ਵੀ ਅਖਵਾਉਂਦੇ ਹਨ ਅਤੇ ਮਹਾਨ ਕਾਲ ਤੇ ਸਥੀਤੀ ਵਾਲੇ ਹੁੰਦੇ ਹਨ। 76।

ਉਦੱਕ ਪੇਡਾਲ ਪੁੱਤਰ (ਅਵਸਥਾ) ਨੇ ਤਰਕ ਨਾਲ ਭਗਵਾਨ ਗੌਤਮ ਨੂੰ ਕਿਹਾ "ਹੇ ਆਯੂਸ਼ਮਾਨ ਗੌਤਮ ਅਜੇਹੀ ਕੋਈ ਪਰਿਆਏ ਨਹੀਂ ਹੈ, ਜਿਸ ਦੀ ਹਿੰਸਾ ਨਾ ਕਰਕੇ ਉਪਾਸਕ ਆਪਣੇ ਇਕ ਵੀ ਪ੍ਰਾਣੀ ਨੂੰ ਮਾਰਨ ਦੇ ਤਿਆਗ ਤੋਂ ਸਫਲਤਾ ਨਾਲ ਬੱਚ ਸਕੇ, ਇਸ ਦਾ ਕੀ ਕਾਰਣ ਹੈ ? ਪ੍ਰਾਣੀ ਪਰਿਵਰਤਨ ਸ਼ੀਲ ਹੈ ਕਦੇ ਸਥਾਵਰ ਤਰੱਸ ਹੋ ਜਾਂਦਾ ਹੈ, ਕਦੇ ਤਰੱਸ ਸਥਾਵਰ ਰੂਪ ਵਿਚ ਪੈਦਾ ਹੁੰਦਾ ਹੈ। ਕਦੇ ਅਜੇਹਾ ਵੀ ਸਮਾ ਆਉਂਦਾ ਹੈ ਕਿ ਜਦ ਸਾਰੇ ਸਥਾਵਰ ਕਾਈਆ ਦਾ ਤਿਆਗ ਕਰਕੇ ਤਰੱਸ ਉਤਪੰਨ ਹੋ ਜਾਂਦੇ ਹਨ ਅਤੇ ਤਰੱਸ ਕਾਈਆਂ ਦਾ ਤਿਆਗ ਕਰ ਸਥਾਵਰ ਉਤਪੰਨ ਹੋ ਜਾਂਦੇ ਹਨ। ਜਦ ਸਾਰੇ ਪ੍ਰਾਣੀ ਸਥਾਵਰ ਕਾਈਆਂ ਹੋ ਜਾਂਦੇ ਹਨ ਤਾਂ ਉਹ ਸ਼੍ਰਾਵਕ ਲਈ ਹਿੰਸਾ ਕਰਨ ਯੋਗ ਹੋ ਜਾਂਦੇ ਹਨ।

ਭਗਵਾਨ ਗੌਤਮ ਸਵਾਮੀ ਨੇ ਤਰਕ ਨਾਲ ਪੇਡਾਲ ਪੁਤਰ ਨੂੰ ਇਸ਼ ਪ੍ਰਕਾਰ ਆਖਿਆ ਹੈ, ਹੇ ਆਯੂਸ਼ਮਾਨ ਉਦਕ ! ਸਾਡੇ ਮਤ ਵਿਚ ਇਹ ਪ੍ਰਸ਼ਨ ਨਹੀਂ ਉਠਦਾ, ਪਰ ਆਪ ਦੇ

ਆਖਣ ਅਨੁਸਾਰ ਉਠ ਸਕਦਾ ਹੈ ਪਰ ਆਪ ਦੇ ਸਿਧਾਂਤ ਅਨੁਸਾਰ ਵੀ ਇਹ ਪਰਿਆਇ ਜ਼ਰੂਰੀ ਹੈ। ਜਿਸ ਵਿਚ ਸ਼੍ਰਮਣੋ ਪਾਸਕ ਸਭ ਪ੍ਰਾਣੀਆਂ, ਭੂਤ, ਜੀਵ, ਸਤੱਵਾ ਦੇ ਘਾਤ ਦਾ ਤਿਆਗ ਕਰ ਸਕਦਾ ਹੈ। ਇਸ ਦਾ ਕਾਰਣ ਕੀ ਹੈ ? ਪ੍ਰਾਣੀ ਗਣ ਪਰਿਵਰਤਨਸ਼ੀਲ ਹਨ ਇਸ ਲਈ ਸਥਾਵਰ ਪ੍ਰਾਣੀ ਵੀ ਤਰੱਸ ਰੂਪ ਵਿਚ ਉਤਪੰਨ ਹੋ ਜਾਂਦੇ ਹਨ ਅਤੇ ਕਦੇ ਤਰੱਸ ਪ੍ਰਾਣੀ ਵੀ ਸਥਾਵਰ ਰੂਪ ਵਿਚ ਉਤਪੰਨ ਹੋ ਜਾਦੇ ਹਨ। ਉਹ ਸਭ ਤਰੱਸ ਕਾਈਆਂ ਨੂੰ ਛੱਡ ਕੇ ਸਥਾਵਰ ਕਾਈਆ ਵਿਚ ਉਤਪੰਨ ਹੋ ਜਾਂਦੇ ਹਨ। ਅਤੇ ਕਦੇ ਸਥਾਵਰ ਨੂੰ ਛੱਡ ਕੇ ਤਰੱਸ ਕਾਈਆ ਵਿਚ ਉਤਪੰਨ ਹੋ ਜਾਂਦੇ ਹਨ। ਉਹ ਜਦ ਤਰੱਸ ਕਾਈਆ ਵਿਚ ਉਤਪੰਨ ਹੁੰਦੇ ਹਨ ਤਾਂ ਉਹ ਸਭ ਜਗਾ ਸ਼੍ਰਾਵਕ ਦੇ ਘਾਤ ਯੋਗ ਨਹੀਂ ਹੁੰਦਾ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ ਉਹ ਵਿਸ਼ਾਲ ਸ਼ਰੀਰ ਵਾਲੇ ਅਤੇ ਲੰਬੀ ਸਥਿਤੀ (ਉਮਰ) ਵਾਲੇ ਹੁੰਦੇ ਹਨ ਉਹ ਪ੍ਰਾਣੀ ਬਹੁਤ ਹਨ ਜਿਨ੍ਹਾਂ ਤੇ ਸ਼੍ਰਮਣ ਉਪਾਸਕ ਦਾ ਪਛਖਾਨ ਸਫਲ ਹੁੰਦਾ। ਅਤੇ ਉਸ ਸਮੇਂ ਉਹ ਪ੍ਰਾਣੀ ਹੁੰਦੇ ਨਹੀਂ। ਜਿੰਨ੍ਹਾਂ ਲਈ ਸ਼੍ਰਮਣਾ ਪਾਸਕ ਦਾ ਪਛ-ਖਾਣ ਨਹੀਂ ਹੁੰਦਾ। ਇਸ ਪ੍ਰਕਾਰ ਉਹ ਸ਼੍ਰਾਵਕ ਮਹਾਨ ਤਰੱਸ ਕਾਇਆ ਦੇ ਘਾਤ ਤੋਂ ਸ਼ਾਂਤ ਤੇ ਵਿਰਤ (ਮੁਕੱਤ) ਹੁੰਦੇ ਹਨ। ਅਜਿਹੀ ਦਸ਼ਾ ਵਿਚ ਆਪ ਜਾਂ ਹੋਰ ਲੋਕ ਜੋ ਇਹ ਆਖਦੇ ਹਨ ਕਿ ਅਜੇਹੀ ਇਕ ਵੀ ਪਰਿਆਏ ਨਹੀਂ ਹੈ। ਜਿਸ ਦੇ ਲਈ ਸ਼੍ਰਮਣਾ ਪਾਸਕਾ ਦਾ ਸੱਚਾ ਪਛਖਾਨ ਹੋ ਸਕੇ। ਤੁਹਾਡਾ ਇਹ ਭੇਦ ਨਿਆ ਸੰਗਤ ਨਹੀਂ। 77।

ਭਗਵਾਨ ਗੋਤਮ ਆਖਦੇ ਹਨ ਕਿ ਨਿਰਗ੍ਰਥਾ ਤੋਂ ਇਹ ਗੱਲ ਅਕਸਰ ਪੁਛੀ ਜਾਦੀ ਹੈ. ਹੇ ਆਯਸ਼ਮਾਨ ਨਿਰਗ੍ਰੰਥੋ ! ਇਸ ਸੰਸਾਰ ਵਿਚ ਕਈ ਕਈ ਮਨੁੱਖ ਅਜੇਹੇ ਹੁੰਦੇ ਹਨ ਜਿੰਨ੍ਹਾਂ ਦੀ ਪ੍ਰਤਿਗਿਆ ਹੁੰਦੀ ਹੈ।" ਇਹ ਘਰ ਵਾਰ ਦੇ ਤਿਆਗੀ ਜੋ ਸਾਧੂ ਹਨ ਮੈ ਉਨ੍ਹਾਂ ਦੀ ਜਿੰਦਗੀ ਭਰ ਹਤਿੱਆ ਨਹੀਂ ਕਰਾਂਗਾ। ਪਰ ਜੋ ਗ੍ਰਹਿਸਥੀ ਹਨ ਉਨਾਂ ਦੀ ਹੱਤਿਆ ਦਾ ਮੈਂ ਤਿਆਗ ਨਹੀਂ ਕਰਦਾ। ਹੁਣ ਮੈਂ ਪੁਛਦਾ ਹਾਂ ਕਿ ਉਨਾਂ ਵਿਚੋਂ ਕੋਈ ਸਾਧੂ ਚਾਰ, ਪੰਜ, ਛੇ ਜਾਂ ਦਸ ਸਾਲ, ਘੱਟ ਜਾਂ ਵਧ ਸਮਾਂ ਸਾਧੂ ਰਹਿ ਕੇ ਦੇਸ਼ ਵਿਦੇਸ਼ ਵਿਚ ਧਰਮ ਪ੍ਰਚਾਰ ਕਰਕੇ ਗ੍ਰਹਿਸਥ ਨਹੀਂ ਬਣ ਸਕਦਾ ?

ਨਿਰਗ੍ਰੰਥ : "ਹਾਂ ! ਕਈ ਕਈ ਸਾਧੂ, ਸਾਧੂਪੁਣਾ ਤਿਆਗ ਕੇ ਗ੍ਰਹਿਸਥੀ ਬਣ ਜਾਂਦੇ ਹਨ।"

ਗੋਤਮ ਭਗਵਾਨ : ਤਾਂ ਕਿ ਸ਼੍ਰਮਣਾ (ਸਾਧੂਆਂ) ਦੀ ਹੱਤਿਆ ਨਾ ਕਰਨ ਵਾਲੇ ਉਸ ਤਿਆਗੀ ਪੁਰਸ਼ ਦਾ, ਗ੍ਰਹਿਸਥ ਦੀ ਹਤਿਆ ਸੰਬੰਧੀ ਨਿਯਮ ਭੰਗ ਨਹੀਂ ਹੁੰਦਾ।"

ਨਿਰਗ੍ਰੰਥ : "ਨਹੀਂ ! ਅਜੇਹੀ ਗੱਲ ਨਹੀਂ। ਭਾਵ ਸਾਧੂ ਪੁਣਾ ਤਿਆਗ ਕੇ ਗ੍ਰਹਿਸਥ ਪੁਰਸ਼ ਸਾਧੂ ਨੂੰ ਮਾਰਨ ਦੀ ਪ੍ਰਤਿਗਿਆ ਭੰਗ ਨਹੀਂ ਹੁੰਦੀ।"

ਗੋਤਮ : "ਤਾ ਇਸੇ ਤਰਾ ਸ਼੍ਰਾਵਕ ਨੇ ਤਰੱਸ ਜੀਵਾ ਨੂੰ ਦੰਡ (ਹਿੰਸਾ) ਦਾ ਤਿਆਗ ਕੀਤਾ ਹੈ ਸਥਾਵਰ ਜੀਵਾਂ ਦੇ ਦੰਡ ਦਾ ਤਿਆਗ ਨਹੀਂ ਕੀਤਾ। ਇਸ ਲਈ ਸਥਾਵਰ

ਕਾਈਆ ਦੀ ਹਿੰਸਾ ਕਰਨ ਨਾਲ ਉਸ ਦਾ ਪਛਖਾਨ ਭੰਗ ਨਹੀਂ ਹੁੰਦਾ। ਹੇ ਨਿਰਗ੍ਰੰਥੋ! ਇਸ ਸ਼ਕ ਨੂੰ ਇਸ ਪ੍ਰਕਾਰ ਸਮਝੋ।"

ਭਗਵਾਨ ਗੌਤਮ ਫੇਰ ਆਪਣੇ ਮੱਤ ਦੀ ਪੁਸ਼ਟੀ ਕਰਦੇ ਹੋਏ ਆਖਦੇ ਹਨ "ਮੈਂ ਨਿਰ-ਗ੍ਰੰਥਾਂ ਤੋਂ ਪੁੱਛਦਾ ਹਾਂ "ਹੇ ਆਯੁਸ਼ਮਾਨ ਨਿਰਗ੍ਰੰਥੋ! ਇਸ ਸੰਸਾਰ ਵਿਚ ਚੰਗੇ ਕੁਲ ਵਿਚ ਪੈਦਾ ਕੋਈ ਗ੍ਰਹਿਸਥ ਜਾਂ ਗ੍ਰਹਿਸਥ ਪੁਤਰ ਧਰਮ ਸੁਨਣ ਲਈ ਸਾਧੂ ਕੋਲ ਆ ਸਕਦਾ ਹੈ?"

ਨਿਰਗ੍ਰੰਥ : "ਹਾਂ। ਆ ਸਕਦਾ ਹੈ।"

ਗੌਤਮ : ਕਿ ਉਸਨੂੰ ਧਰਮ ਉਪਦੇਸ਼ ਕਰਨਾ ਚਾਹੀਦਾ ਹੈ?"

ਨਿਰਗ੍ਰੰਥ : ਹਾਂ! ਕਰਨਾ ਚਾਹੀਦਾ ਹੈ?

ਗੌਤਮ : ਜੇ ਉਸ ਪ੍ਰਕਾਰ ਦੇ ਧਰਮ ਨੂੰ ਸੁਣ ਕੇ ਸਮਝ ਕੇ ਉਹ ਇਹ ਆਖਦਾ ਹੈ ਕਿ ਨਿਰਗ੍ਰੰਥ ਪ੍ਰਵਚਨ ਸਤ, ਸਰਵ ਉਤਮ ਕੇਵਲ ਗਿਆਨ ਦਾ ਕਾਰਣ, ਸਪੂੰਰਨ ਸੱਚਾ ਨਿਆ-ਉਕਤ, ਦਿਲ ਦੇ ਕੰਡੇ ਮਿਟਾਉਣ ਵਾਲਾ, ਸਿਧੀ ਦਾ ਰਾਹ, ਮੁਕਤੀ-ਨਿਰਵਾਨ-ਮੋਕਸ਼, ਮਿਥਿਆਤਵ ਤੇ ਸ਼ੰਕਾ ਰਹਿਤ ਹੈ ਸਾਰੇ ਦੁੱਖਾਂ ਦੇ ਵਿਨਾਸ਼ ਦਾ ਕਾਰਣ ਹੈ। ਇਸ ਲਈ ਇਸ ਧਰਮ ਦੀ ਆਗਿਆ ਅਨੁਸਾਰ ਅਸੀਂ ਇਸ ਰਾਹੀਂ ਦਸੀ ਯਤਨਾ(ਸਾਵਧਾਨੀ) ਨਾਲ ਚਲਾਂਗੇ ਠਹਿਰਾਂਗੇ, ਬੈਠਾਂਗੇ, ਕਰਵਟ ਲਵਾਂਗੇ ਉਠਾਂਗੇ। ਸਾਰੀ ਪ੍ਰਾਣੀ ਭੂਤ, ਸਤਵ ਦੀ ਰਖਿਆ ਲਈ ਸੰਜਮ ਧਾਰਨ ਕਰਾਂਗੇ ਕਿ ਉਹ ਇਸ ਪ੍ਰਕਾਰ ਆਖ ਸਕਦੇ ਹਨ?

ਨਿਰਗ੍ਰੰਥ : ਹਾਂ ਆਖ ਸਕਦੇ ਹਨ।

ਗੌਤਮ : ਧਰਮ ਉਪਦੇਸ਼ ਸੁਣ ਕੇ ਜੇ ਅਜਿਹੇ ਗ੍ਰਹਿਸਥ ਦੇ ਮਨ ਵਿਚ ਸੰਸਾਰ ਪ੍ਰਤੀ ਵੈਰਾਗ ਉਤਪੰਨ ਹੋ ਜਾਵੇ, ਤਾਂ ਕਿ ਅਜਿਹੇ ਵਿਚਾਰ ਵਾਲੇ ਮਨੁੱਖ ਨੂੰ ਸਿਰ ਮੁਨਾ ਕੇ ਸਾਧੂ ਬਣਾਉਣਾ ਠੀਕ ਹੈ ਕਿ ਉਸ ਨੂੰ ਸਾਧੂ ਦੀਖੀਆ ਦੇਣਾ ਜਾਇਜ ਹੈ?"

ਨਿਰਗ੍ਰੰਥ : ਹਾਂ ਜਾਇਜ ਹੈ।

ਗੌਤਮ : ਅਜੇਹਾ ਪੁਰਸ਼ ਸਿਖਿਆ ਦੇਣ ਦੇ ਯੋਗ ਹੈ?

ਨਿਰਗ੍ਰੰਥ : ਹਾਂ! ਅਜਿਹਾ ਮਨੁੱਖ ਸਿਖਿਆ ਦੇ ਯੋਗ ਹੈ।

ਗੌਤਮ : ਅਜਿਹਾ ਵਿਚਾਰਕ ਸਾਧੂ ਪੁਣੇ ਵਿਚ ਸਥਾਪਿਤ ਕਰਨ ਯੋਗ ਹੈ?

ਨਿਰਗ੍ਰੰਥ : ਹਾਂ! ਅਜਿਹਾ ਮਨੁੱਖ ਯੋਗ ਹੈ।

ਗੌਤਮ : ਕੀ ਦੀਖਿਆ ਲੈ ਕੇ ਉਹ ਮਨੁਖ ਪ੍ਰਾਣੀਆਂ ਨੂੰ ਦੰਡ ਦੇਣ ਛੱਡ ਦਿਤਾ ਹੈ?

ਨਿਰਗ੍ਰੰਥ : ਹਾਂ, ਛੱਡ ਦਿਤਾ ਹੈ।

ਗੌਤਮ : ਹੁਣ ਦੀਖੀਆ ਵਿਚ 4, 5, 6 ਜਾਂ 10 ਸਾਲ ਥੋੜੇ ਦੇਸ਼ਾ ਵਿਚ ਘੁੰਮ ਕੇ ਉਹ ਮੁੜ ਗ੍ਰਹਿਸਥੀ ਬਣ ਸਕਦਾ ਹੈ?

ਨਿਰਗ੍ਰੰਥ : ਹਾਂ ਬਣ ਸਕਦਾ ਹੈ।

ਗੌਤਮ : ਕੀ ਉਹ ਪਹਿਲਾਂ ਬਣੇ ਸਾਧੂ ਗ੍ਰਹਿਸਥੀ ਬਨ ਕੇ ਸਾਰੇ ਪ੍ਰਾਣੀਆਂ ਦੀ ਹਿੰਸਾਂ

ਦਾ ਤਿਆਗ ਕਰ ਦਿੰਦੇ ਹਨ ?

ਨਿਰਗ੍ਰੰਥ : ਨਹੀਂ, ਉਹ ਸਾਰੇ ਦੀ ਹਿੰਸਾ ਦਾ ਤਿਆਗ ਨਹੀਂ ਕਰ ਸਕਦਾਂ। ਉਹ ਗ੍ਰਹਿਸਥੀ ਬਣ ਕੇ ਫੇਰ ਪਾਪ ਸ਼ੁਰੂ ਕਰ ਦਿੰਦਾ ਹੈ। ਜੀਵ ਉਹੀ ਹੈ ਜੋ ਦੀਖੀਆ ਤੋਂ ਪਹਿਲਾਂ ਘਰ ਵਿਚ ਰਹਿ ਕੇ ਸਾਰੇ ਪ੍ਰਾਣੀਆਂ ਦੀ ਹਿੰਸਾ ਦਾ ਪਖਖਾਨ ਨਹੀਂ ਕਰਦਾ। ਇਹ ਜੀਵ ਉਹ ਹੀ ਹੈ ਜਿਸ ਨੂੰ ਸਾਧੂ ਬਣ ਕੇ ਸਾਰੇ ਭੂਤ, ਸਤਵਾ ਤੇ ਜੀਵ ਦੀ ਹਿੰਸਾ ਦਾ ਤਿਆਗ ਕੀਤਾ ਸੀ। ਇਹ ਜੀਵ ਉਹ ਹੀ ਹੈ ਜੋ ਸੰਜਮ ਪਾਲ ਕੇ ਫੇਰ ਗ੍ਰਹਿਸਥ ਵਿਚ ਆ ਗਿਆ ਹੈ ਅਤੇ ਉਸ ਨੇ ਸਾਰੇ ਜੀਵਾਂ ਦੀ ਹਿੰਸਾ ਦਾ ਤਿਆਗ ਨਹੀਂ ਕੀਤਾ। ਜੋ ਪਹਿਲਾਂ ਅਸੰਜਮੀ ਸੀ ਬਾਅਦ ਵਿਚ ਸੰਜਮੀ ਹੋ ਗਿਆ ਫੇਰ ਅਸੰਜਮੀ ਹੋ ਗਿਆ। ਅਸੰਜਮੀ ਜੀਵ ਸਾਰੇ ਜੀਵਾਂ ਸਤਵ ਨੂੰ ਦੰਡ ਦੇਣ ਦਾ ਤਿਆਗ ਨਹੀਂ ਹੁੰਦਾ। ਇਸ ਲਈ ਉਹ ਪੁਰਸ਼ ਇਸ ਸਮੇਂ ਸਾਰੇ ਪ੍ਰਾਣੀ ਤੇ ਸਤਵ ਨੂੰ ਦੰਡ ਦੇਣ ਦਾ ਤਿਆਗੀ ਨਹੀਂ। ਇਸ ਨੂੰ ਇਸ ਪ੍ਰਕਾਰ ਸਮਝਣਾ ਚਾਹੀਦਾ ਹੈ।

ਗੋਤਮ : ਮੈਂ ਨਿਰਗ੍ਰੰਥਾਂ ਤੋਂ ਪੁਛਦਾ ਹਾਂ ! ਹੇ ਆਯੂਸ਼ਮਾਨ ਨਿਰਗ੍ਰੰਥੋ ! ਇਸ ਲੋਕ ਵਿਚ ਪਰਿਵਾਰਾਜਕ ਜਾਂ ਪ੍ਰੀਵਰਾਜਕਾਵਾਂ ਕਿਸੇ ਤੀਰਥ ਤੇ ਰਹਿ ਕੇ ਧਰਮ ਸੁਨਣ ਆ ਸਕਦੀ ਹੈ ?

ਨਿਰਗ੍ਰੰਥ : ਹਾਂ ਆ ਸਕਦੀ ਹੈ।

ਗੋਤਮ : ਅਜਿਹਾ ਆਦਮੀ ਨੂੰ ਧਰਮ ਸੁਨਾਉਨਾ ਚਾਹੀਦਾ ਹੈ ?

ਨਿਰਗ੍ਰੰਥ : ਹਾਂ ਸੁਨਾਣਾ ਚਾਹੀਦਾ ਹੈ। (ਫੇਰ ਸਾਧੂ ਬਨਣ ਤੋਂ ਮੁੜ ਗ੍ਰਹਿਸਥੀ ਬਨਣ ਦਾ ਵਿਰਤਾਂਤ ਪਹਿਲੀ ਤਰਾਂ ਹੈ।)

ਗੋਤਮ : ਅਜਿਹਾ ਮੁਨੀ ਕੁਝ ਸਮਾਂ ਸੰਜਮ ਪਾਲਨ ਕਰਕੇ ਮੁੜ ਗ੍ਰਹਿਸਥ ਧਰਮ ਵਿਚ ਆ ਸਕਦਾ ਹੈ।

ਨਿਰਗ੍ਰੰਥ : ਹਾਂ, ਉਹ ਆ ਸਕਦਾ ਹੈ ਤੇ ਗ੍ਰਹਿਸਥੀ ਬਣ ਜਾਂਦਾ ਹੈ।

ਗੋਤਮ . ਅਜੇਹੇ ਮੁਨੀ ਤੋਂ ਗ੍ਰਹਿਸਥੀ ਬਣੇ ਆਦਮੀ ਨਾਲ, ਸਾਧੂ ਨੂੰ ਇਕੋ ਜਗਾ ਬੈਠ ਕੇ ਭੋਜਨ ਕਰਨਾ ਜ਼ਾਇਜ ਹੈ ?

ਨਿਰਗ੍ਰਥ : ਨਹੀਂ, ਇਹ ਗੱਲ ਗਲਤ ਹੈ।

ਗੋਤਮ : ਇਹ ਉਹ ਹੀ ਜੀਵ ਹੈ ਜਿਸ ਨੂੰ ਸਾਧੂ ਦੀਖਿਆ ਧਾਰਨ ਕਰਨ ਤੋਂ ਪਹਿਲਾ ਭੋਜਨ ਦੇਣਾ ਜਾਇਜ ਨਹੀਂ ਸੀ ਫੇਰ ਉਸੇ ਜੀਵ ਨੂੰ ਦਿਖਿਅੱਤ ਹੋਣ ਤੇ ਭੋਜਨ ਪਾਣੀ ਦੇਣਾ ਜਾਇਜ ਹੋ ਗਿਆ : ਹੁਣ ਜੀਵ ਉਹ ਹੀ ਹੈ। ਦੀਖੀਆ ਤਿਆਗ ਦੇਣ ਤੋਂ ਵਾਅਦ ਹੁਣ ਉਸ ਨੂੰ ਭੋਜਨ ਪਾਣੀ ਦੇਣਾ ਯੋਗ ਨਹੀਂ।

ਉਹ ਪਹਿਲਾ ਸਾਧੂ ਨਹੀਂ ਸੀ, ਬਾਅਦ ਵਿਚ ਸਾਧੂ ਹੋ ਗਿਆ ਅਤੇ ਮੁੜ ਫੇਰ ਸਾਧੂ ਨਾ ਰਿਹਾ। ਸਾਧੂਪੁਣੇ ਨੂੰ ਤਿਆਗਨ ਵਾਲੇ ਨਾਲ ਸ੍ਰਮਣ ਨਿਰਗ੍ਰੰਥਾਂ ਨੂੰ ਭੋਜਨ ਪਾਣੀ ਖਾਣਾ ਗਲਤ ਹੈ। ਹੇ ਨਿਰਗ੍ਰੰਥੋ ! ਅਜਿਹਾ ਹੀ ਸਮਝੋ। ਤੁਹਾਨੂੰ ਅਜਿਹਾ ਹੀ ਸਮਝਣਾ ਚਾਹੀਦਾ ਹੈ

ਭਾਵ ਅਰਥ : ਜਿਵੇਂ ਗ੍ਰਹਿਸਥ ਤੋਂ ਸਾਧੂ ਬਣਿਆ ਜੀਵ, ਮੁੜ ਗ੍ਰਹਿਸਥੀ ਬਣ ਜਾਣ ਤੇ ਸਾਧੂ ਨਾਲ ਭੋਜਨ ਪਾਣੀ ਇਕਠੇ ਬੈਠ ਕੇ ਖਾਣ ਦਾ ਹੱਕਦਾਰ ਨਹੀਂ, ਉਸੇ ਪ੍ਰਕਾਰ ਜਿਸ ਨੇ ਤਰੱਸ ਜੀਵ ਦਾ ਤਿਆਗ ਕੀਤਾ ਹੈ ਜੇ ਉਹ ਤਰੱਸ ਜੀਵ ਮਰ ਕੇ ਸਥਾਵਰ ਬਣ ਜਾਂਦੇ ਹਨ। ਅਜੇਹੇ ਪ੍ਰਾਣੀਆ ਦੀ ਹਿੰਸਾ ਨਾਲ ਉਪਾਸਕ ਦਾ ਤਰੱਸ ਸੰਬੰਧੀ ਕੀਤਾ ਪਛਖਾਨ ਭੰਗ ਨਹੀਂ ਹੁੰਦਾ। 78

ਜੋ ਸਾਧੂ ਕੋਲ ਆਖ ਕੇ ਪਹਿਲਾਂ ਆਖਦੇ ਹਨ। ਅਸੀਂ ਘਰ ਬਾਰ ਛੱਡ ਕੇ ਸਾਧੂ ਨਹੀਂ ਬਣ ਸਕਦੇ। ਸਾਧਵੀ 14, 8, 15 ਨੂੰ ਪ੍ਰਰਸ਼ ਪੋਸ਼ਧ ਵਰਤ ਦਾ ਚੰਗੀ ਤਰ੍ਹਾਂ ਪਾਲਨ ਕਰਾਂਗੇ। ਅਸੀਂ ਮੋਟੀ ਹਿੰਸਾ, ਝੂਠ, ਚੋਰੀ, ਵਿਭਚਾਰ, ਪਰਿਗ੍ਰਹਿ ਦਾ ਤਿਆਗ ਕਰਦੇ ਹਨ। ਅਸੀਂ ਆਪਣੀਆਂ ਇਛਾਵਾਂ ਦਾ ਪਰਿਮਾਣ (ਸੀਮਤ) ਕਰਾਂਗੇ। ਸਾਡੇ ਲਈ ਕੁਝ ਵੀ ਨਾ ਕਰੋ, ਨਾ ਕਰਾਵੋ। ਅਸੀਂ ਅਜਿਹਾ ਪਛਖਾਨ (ਨਿਅਮ) ਲੈਂਦੇ ਹਾਂ, ਉਹ ਸ਼੍ਰਮਣੋਪਾਸਕ ਬਿਨਾਂ ਖਾਧੇ, ਬਿਨਾਂ ਪੀਤੇ, ਬਿਨਾਂ ਇਸ਼ਨਾਨ ਕੀਤੇ ਆਸਨ ਤੋਂ ਉਤਰ ਕੇ ਠੀਕ ਤਰ੍ਹਾਂ ਨਾਲ ਪੋਸ਼ਧ ਪਾਲਨ ਕਰਕੇ ਮੌਤ ਨੂੰ ਪ੍ਰਾਪਤ ਹੋ ਜਾਣ ਤਾਂ ਉਨ੍ਹਾਂ ਦੀ ਮੌਤ ਦੇ ਵਿਸ਼ੇ ਵਿਚ ਆਖਣਾ ਔਖਾ ਹੈ ? ਇਹੋ ਆਖਿਆ ਜਾਵੇ ਕਿ ਉਹ ਚੰਗੇ ਢੰਗ ਨਾਲ ਮਰ ਕੇ, ਚੰਗੀ ਗਤੀ ਵਿਚ ਗਏ ਹਨ। ਉਹ ਪ੍ਰਾਣੀ ਪਹਿਲਾ ਕਾਲ ਕਰਕੇ, ਪਰਲੋਕ ਨੂੰ ਜਾਂਦੇ ਹਨ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤੇ ਤਰੱਸ ਵੀ ਅਖਵਾਉਂਦੇ ਹਨ। ਉਹ ਜੀਵ ਮਹਾ ਕਾਇਆ ਵਾਲੇ, ਲੰਬੀ ਸਥਿਤੀ, ਲੰਬੀ ਉਮਰ ਤੇ ਬਹੁ ਸੰਖਿਆ ਵਾਲੇ ਹੁੰਦੇ ਹਨ। ਇਸ ਲਈ ਉਨ੍ਹਾਂ ਜੀਵਾ ਦੇ ਪਖੋਂ ਸ੍ਰਾਵਕ ਦਾ ਪਛਖਾਨ, ਸਹੀ ਪਛਖਾਨ ਹੀ ਹੈ। ਇਸ ਸਥਿਤੀ ਵਿਚ ਅਜਿਹੀ ਇਕ ਵੀ ਪਰਿਆਏ (ਅਵਸਥਾ) ਨਹੀਂ ਜਿਸ ਵਿਚ ਸ੍ਰਾਵਕ ਪਛਖਾਨ ਕਰ ਸਕੇ, ਸੋ ਤੁਹਾਡੀ ਮਾਨਤਾ ਸ੍ਰਾਵਕ ਦੇ ਪਛਖਾਨ ਸਬੰਧੀ ਗਲਤ ਹੈ। ਭਗਵਾਨ ਗੋਤਮ ਉਦਕ ਨੂੰ ਆਖਣ ਲਗੇ, ਸੰਸਾਰ ਵਿਚ ਕਈ ਪ੍ਰਾਣੀ, ਸ੍ਰਾਵਕ ਦੀ ਤਰ੍ਹਾਂ ਬਰਾਵਰ ਉਮਰ ਵਾਲੇ ਹੁੰਦੇ ਹਨ। ਜਿਨ੍ਹਾਂ ਦਾ ਸ੍ਰਾਵਕ ਵਰਤ ਗ੍ਰਹਿਣ ਕਰਕੇ ਘਾਤ ਨਹੀਂ ਕਰਦਾ। ਉਹ ਪ੍ਰਾਣੀ ਖੁਦ ਹੀ ਮਰ ਕੇ ਪਰਲੋਕ ਜਾਂਦੇ ਹਨ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤੇ ਤਰੱਸ ਵੀ ਹਨ। ਉਹ ਮਹਾ ਕਾਇਆ ਵਾਲੇ, ਬਰਾਬਰ ਦੀ ਉਮਰ ਵਾਲੇ ਹਨ। ਬਹੁ ਸੰਖਿਆ ਵਾਲੇ ਹੁੰਦੇ ਹਨ। ਉਨ੍ਹਾਂ ਸੰਬੰਧੀ ਸ੍ਰਾਵਕ ਦਾ ਪਛਖਾਨ, ਸਹੀ ਪਛਖਾਨ ਹੁੰਦਾ ਹੈ। ਇਹ ਆਖਣਾ ਗਲਤ ਹੈ ਕਿ ਸ੍ਰਾਵਕ ਦਾ ਪਛਖਾਨ ਸਹੀ ਨਹੀਂ।

ਫੇਰ ਭਗਵਾਨ ਗੌਤਮ ਸਵਾਮੀ ਪੇਡਾਲ ਪੁਤਰ ਨਿਰਗ੍ਰਥ ਨੂੰ ਕਿਹਾ "ਕਈ ਕਈ ਸ੍ਰਮਣੋਪਾਸਕ ਸਾਧੂ ਕੋਲ ਆਉਂਦੇ ਹਨ ਅਤੇ ਤਹਿਲਾਂ ਦਸੇ ਦੀ ਤਰਾਂ ਆਖਦੇ ਹਨ "ਅਸੀਂ ਪੋਸ਼ਧ ਵਰਤ ਤਾਂ ਗ੍ਰਹਿਣ ਨਹੀਂ ਕਰ ਸਕਦੇ ਪਰ ਅੰਤ ਸਮੇਂ ਮੌਤ ਵੇਲੇ ਸਮਾਂਧੀ ਸੰਲੇਖਨਾ ਵਰਤ ਦੀ ਅਰਾਧਨਾ ਕਰਾਂਗੇ ਉਸ ਸਮੇਂ ਅਸੀਂ ਕਰਨ ਤਿੰਨ ਯੋਗ ਨਾਲ ਪ੍ਰਾਣਾਤਿਪਾਤ ਤੋਂ ਲੈ ਕੇ ਪਰਿਗ੍ਰਹਿ ਤਕ ਦਾ ਤਿਆਗ ਕਰਾਂਗੇ। ਮੇਰ ਲਈ ਕੁਝ ਨਾ ਕਰੋ, ਨਾ ਕਰਾਵੇ, ਇਸ

ਦ ਪੱਛਖਾਨ ਕਰਾਂਗੇ। ਇਸ ਪ੍ਰਕਾਰ ਪ੍ਰਤਿਗਿਆ ਕਰਕੇ ਉਹ ਸ੍ਰਾਵਕ ਆਪਣੇ ਆਸਨ ਤੋਂ ਉਤਰ ਕੇ ਮੌਤ ਨੂੰ ਪ੍ਰਾਪਤ ਹੁੰਦੇ ਹਨ ਤਾਂ ਉਨਾਂ ਦੀ ਮੌਤ ਬਾਰੇ ਕੀ ਆਖਗੇ ? ਇਹੋ ਕਹਾਂਗੇ ਕਿ ਉਹ ਚੰਗੀ ਮੌਤ ਨੂੰ ਪ੍ਰਾਪਤ ਹੋਏ ਹਨ। ਬਾਕੀ ਦਾ ਪਾਠ ਪਹਿਲਾਂ ਦੀ ਤਰਾਂ ਹੈ)

ਫੇਰ ਭਗਵਾਨ ਗੌਤਮ ਨੇ ਉਦਕ ਪੇਡਾਲ ਪੁਤਰ ਆਦਿ ਨਿਰਗ੍ਰੰਥਾਂ ਨੂੰ ਕਿਹਾ "ਇਸ ਸੰਸਾਰ ਵਿਚ ਕਈ ਅਜੇਹੇ ਮਨੁੱਖ ਹੁੰਦੇ ਹਨ ਜੋ ਮਹਾਨ ਇੱਛਾ, ਮਹਾਨ ਆਰੰਭ, ਮਹਾਨ ਪਰਿ ਗ੍ਰਹਿ, ਮਹਾਨ ਅਧਾਰਮਿਕ, ਇਥੋਂ ਤਕ ਕਿ ਬੜੀ ਕਠਿਨਾਈ ਨਾਲ ਖੁਸ਼ ਹੁੰਦੇ ਹਨ। ਉਹ ਸਭ ਇਨਾਂ ਪਾਪਾਂ ਵਿਚ ਲਗੇ ਰਹਿੰਦੇ ਹਨ। ਸ੍ਰਾਵਕ ਇਨ੍ਹਾਂ ਪ੍ਰਾਣੀਆਂ ਦੀ ਹਿੰਸਾ ਦਾ ਵਰਤ ਗ੍ਰਹਿਣ ਕਰਕੇ ਮੌਤ ਤਕ ਪਾਲਦਾ ਹੈ। ਪਰ ਉਪਰ ਆਖੇ ਪਾਪੀ ਮਨੁੱਖ ਉਮਰ ਪੂਰੀ ਕਰਕੇ ਪਾਪ ਕਾਰਣ ਦੁਰਗਤੀ ਪਾਉਂਦੇ ਹਨ। ਸ੍ਰਾਵਕ ਵਾ ਤਿਆਗ ਮਰਨ ਤਕ ਚਲਦਾ ਹੈ। (ਬਾਕੀ ਦਾ ਪਾਠ ਪਹਿਲਾ ਦੀ ਤਰਾਂ ਹੈ।

ਭਗਵਾਨ ਗੋਤਮ ਉਦਕ ਨੂੰ ਬੋਲੇ "ਜਗਤ ਵਿਚ ਕਈ ਤਰਾਂ ਦੇ ਮਨੁੱਖ ਹੁੰਦੇ ਹਨ ਜੋ ਆਰੰਬ ਰਹਿਤ, ਪਰਿਗ੍ਰਹਿ, ਹਿਤ, ਧਾਰਮਿਕ, ਧਰਮ ਦੀ ਆਗਿਆ ਦਸਣ ਵਾਲੇ, ਹਿੰਸਾ ਤੋਂ ਪਰਿਗ੍ਰਹਿ ਤਕ ਸਾਰੇ ਪਾਪਾ ਦੇ ਤਿਆਗੀ ਹੁੰਦੇ ਹਨ। ਸ੍ਰਾਵਕ ਉਨ੍ਹਾਂ ਪ੍ਰਾਣੀਆਂ ਦਾ ਵਰਤ ਗ੍ਰਹਿਣ ਕਰਨ ਤੋਂ ਲੈ ਕੇ ਸਾਰੀ ਜਿੰਦਗੀ ਲਈ ਹਿੰਸਾ ਦਾ ਤਿਆਗ ਕਰਦਾ ਹੈ। ਉਹ ਧਾਰਮਿਕ ਮਨੁੱਖ ਉਮਰ ਪੂਰੀ ਕਰਦੇ ਹਨ। ਪੁੰਨ ਸਦਕਾ ਸਦਗਤਿ (ਦੇਵ ਗਤਿ ਸਵਰਗ ਜਾਂ ਮਨੁੱਖ) ਨੂੰ ਜਾਂਦੇ ਹਨ। ਉਸ ਸਮੇਂ ਵੀ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ, ਲੰਬਾ ਸਮਾਂ ਸਵਰਗ ਵਿਚ (ਚਿਰ ਸਥਿਰ) ਗੁਜਾਰਦੇ ਹਨ। ਸ੍ਰਮਣੋ ਪਾਸਕ (ਗ੍ਰਹਿਸਥ) ਉਨਾਂ ਨੂੰ ਦੰਡ ਨਹੀਂ ਦਿੰਦਾ। ਇਸ ਲਈ ਤਰੱਸ ਪ੍ਰਾਣੀਆਂ ਦੀ ਅਨਹੋਂਦ ਕਾਰਣ ਸ੍ਰਾਵਕ ਦਾ ਪਛਖਾਨ ਗਲਤ ਪਛਖਾਨ ਨਹੀਂ।

ਗੋਤਮ ਭਗਵਾਨ ਉਦਕ ਨੂੰ ਆਖਦੇ ਹਨ "ਸੰਸਾਰ ਵਿਚ ਕੋਈ ਕੋਈ ਥੋੜੀ ਇੱਛਾ ਵਾਲੇ, ਥੋੜੀ ਹਿੰਸਾ ਵਾਲੇ, ਥੋੜੇ ਪਰਿਗ੍ਰਹਿ ਵਾਲੇ ਧਾਰਮਿਕ, ਧਾਰਮਿਕ ਹੁਕਮ ਦੇਣ ਵਾਲੇ, ਕਿਸੇ ਹਿੰਸਾ ਦੇ ਤਿਆਗ ਤੇ ਰਹਿਤ (ਉਸ ਤਰ੍ਹਾਂ ਪਰਿਗ੍ਰਹਿ ਤਕ ਸਮਝਣਾ ਚਾਹੀਦਾ ਹੈ) ਜੀਵ ਹੁੰਦੇ ਹਨ। ਜੋ ਕਿਸੇ ਅੰਸ਼ ਤੋਂ ਛੇ ਪਾਪਾਂ ਦੇ ਤਿਆਗੀ ਤੇ ਕਿਸੇ ਅੰਸ ਤੋਂ ਤਿਆਗ ਰਹਿਤ ਹੁੰਦੇ ਹਨ। ਅਜਿਹੇ ਤਿਆਗੀ ਪੁਰਸ਼ ਸਮਾਂ ਪਾ ਕੇ ਮਰ ਜਾਂਦੇ ਹਨ ਅਤੇ ਪੁੰਨ ਸਦਕਾ ਸਦਗਤਿ ਵਿਚ ਜਾਂਦੇ ਹਨ। ਅਜਿਹੇ ਜੀਵ ਪ੍ਰਾਣੀ ਵੀ ਹਨ, ਤਰੱਸ ਵੀ ਹਨ, ਉਹ ਜੀਵ ਸਵਰਗ ਵਿਚ ਲੰਬਾ ਸਮਾਂ ਨਿਵਾਸ ਕਰਦੇ ਹਨ। ਸ੍ਰਾਵਕ ਉਨਾਂ ਜੀਵਾਂ ਦੀ ਹਿੰਸਾ ਦਾ ਤਿਆਗੀ ਨਹੀਂ ਹੁੰਦਾ। ਇਸ ਲਈ ਤਰੱਸ ਜੀਵ ਦੀ ਅਣਹੋਂਦ ਦਸ ਕੇ, ਉਪਾਸਕ ਦੇ ਪਛਖਾਨ ਨੂੰ ਗਲਤ ਪਛਖਾਨ ਜਾਇਜ ਨਹੀਂ। ਭਗਵਾਨ ਗੋਤਮ, ਉਦਕ, ਪ੍ਰਤਿ ਬੋਲੇ, "ਸੰਸਾਰ ਵਿਚ ਕਈ ਕਈ ਮਨੁਖ ਤਾਂ ਅਜਿਹੇ ਹੁੰਦੇ ਹਨ ਜੋ ਜੰਗਲਾਂ ਵਿਚ ਰਹਿੰਦੇ ਹਨ। ਕੁਟਿਆ ਬਣਾ ਕੇ ਗੁਜਾਰਾ ਕਰਦੇ ਹਨ। ਪਿੰਡ ਵਿਚ ਜਾ ਕੇ ਭੋਜਨ ਕਰਦੇ ਹਨ ਕਈ ਗੁਪਤ

ਵਿਸ਼ਿਆ ਦੇ ਮਾਹਿਰ ਹੁੰਦੇ ਹਨ । ਸ੍ਰਮਣੋ ਉਪਾਸ਼ਕ ਉਨ੍ਹਾਂ ਨੂੰ ਵਰਤ ਗ੍ਰਹਿਤ ਕਰਕੇ ਮੌਤ ਦੰਡ ਦੇਣ ਦਾ ਤਿਆਗ ਕਰਦਾ ਹੈ । ਅਜਿਹੇ ਬਨਵਾਸੀ ਤਾਪਸ ਅਸਜੰਮੀ ਹਨ । ਹਿੰਸਾ ਦੇ ਤਿਆਗੀ ਨਹੀਂ ਹਨ ਕਿਉਂਕਿ ਉਹ ਆਖਦੇ ਹਨ ਕ੍ਰਿਤਾਂਗ ਪ੍ਰਾਣੀ ਭੂਤ, ਜੀਵ ਅਤੇ ਸੱਤਵ ਦੀ ਹਿੰਸਾ ਤੋਂ ਮੁਕਤ ਨਹੀਂ ਹੈ ਅਜਿਹੀ ਮਿਸਰ (ਮਿਲੀ ਜੁਲੀ) ਭਾਸ਼ਾ ਇਸਤੇਮਾਲ ਕਰਦੇ ਹਨ । ਸਾਨੂੰ (ਤਾਪਸਾਂ) ਮਾਰਨਾ ਪਾਪ ਹੈ ਹੋਰ ਕਿਸੇ ਨੂੰ ਵੀ ਮਾਰੋ ਕੋਈ ਫਰਕ ਨਹੀਂ ਪੈਂਦਾ । ਉਹ ਤਾਪਸ ਮਰਕੇ, ਬਾਲ (ਅਗਿਆਨ) ਤਪ ਕਾਰਣ ਅਸੁਰ ਆਦਿ ਦੇਵਤਾ ਬਣਦੇ ਹਨ । ਫੇਰ ਅਸੁਰ ਜੂਨ ਪੂਰੀ ਕਰਕੇ ਬਕਰੇ ਦੀ (ਅਸੁਰ) ਤਰਾਂ ਗੂੰਗੇ ਤੇ ਤਾਮਸ਼ਿਕ ਰੂਪ ਵਿਚ ਉਤਪੰਨ ਹੁੰਦੇ ਹਨ, ਉਹ ਪ੍ਰਾਣੀ ਵੀ ਅਖਵਾਉਂਦੇ ਹਨ, ਤਰੱਸ ਵੀ ਅਖਵਾਉਂਦੇ ਹਨ । ਇਸ ਲਈ ਇਨ੍ਹਾਂ ਜੀਵਾਂ ਨੂੰ ਨਾ ਮਾਰਨ ਦਾ ਪਛਖਾਨ ਪ੍ਰਭਾਵਤ ਨਹੀਂ ਹੁੰਦਾ ।

ਭਗਵਾਨ ਗੌਤਮ ਉਦਕ ਪ੍ਰਤਿ ਆਖਦੇ ਹਨ "ਇਸ ਲੋਕ ਵਿਚ ਅਨੇਕਾ ਬਰਾਬਰ ਉਮਰ ਵਾਲੇ ਪ੍ਰਾਣੀ ਹੁੰਦੇ ਹਨ ਉਨ੍ਹਾਂ ਦੀ ਉਮਰ ਵਰਤਧਾਰੀ ਸ੍ਰਾਵਕ ਤੋਂ ਜ਼ਿਆਦਾ ਹੁੰਦੀ ਹੈ । ਉਹ ਦੇਵ, ਨਾਰਕ, ਤਰਿਅੰਚ, ਮਨੁੱਖ ਰੂਪ ਵਿਚ ਪਰਲੋਕ ਵਿਚ ਪੈਦਾ ਹੁੰਦੇ ਹਨ, ਉਨਾਂ ਸੰਬੰਧੀ ਸ੍ਰਾਵਕ ਦਾ ਪਛਖਾਨ ਸਫਲ ਹੁੰਦਾ ਹੈ ।

ਗੌਤਮ ਭਗਵਾਨ ਉਦਕ ਨੂੰ ਆਖਨ ਲਗੇ ਸੰਸਾਰ ਵਿਚ ਅਨੇਕਾਂ ਪ੍ਰਾਣੀ ਥੋੜੀ ਉਮਰ ਵਾਲੇ ਹੁੰਦੇ ਹਨ । ਉਹ ਜਦ ਤੱਕ ਜਿਉਂਦੇ ਰਹਿੰਦੇ ਹਨ ਤਦ ਤਕ ਪਛਖਾਨ ਕਰਨ ਵਾਲਾ ਸ੍ਰਾਵਕ ਉਨ੍ਹਾਂ ਦੀ ਹਿੰਸਾ ਨਹੀਂ ਕਰਦਾ । ਕਿਉਂਕਿ ਉਹ ਵਰਤ ਧਾਰਨ ਕਰਨ ਤੋਂ ਲੈਕੇ ਜਿੰਦਗੀ ਭਰ ਲਈ ਤਰੱਸ ਜੀਵਾ ਦੀ ਹਿੰਸਾ ਦਾ ਤਿਆਗੀ ਹੁੰਦਾ ਹੈ । ਉਹ ਜੀਵ ਮਰ ਕੇ ਸ੍ਰਾਵਕ ਤੋਂ ਪਹਿਲਾ ਪਰਲੋਕ ਵਿਚ ਚਲੇ ਜਾਂਦੇ ਹਨ ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤੇ ਤਰੱਸ ਵੀ ਹਨ । ਉਹ ਵਿਸ਼ਾਲ ਕਾਈਆਂ ਵਾਲੇ ਹੁੰਦੇ ਹਨ ਘੱਟ ਉਮਰ ਵਾਲੇ ਹੁੰਦੇ ਹਨ । ਇਸ ਸੰਭਧੀ ਸ੍ਰਮਣੋਪਾਸਕ ਦਾ ਪਛਖਾਨ ਸਹੀ ਪਛਖਾਨ ਹੈ ।

ਭਗਵਾਨ ਗੌਤਮ ਆਖਦੇ ਹਨ ਕਿ ਸੰਸਾਰ ਵਿਚ ਕਈ ਸ੍ਰਮਣੋਉਪਾਸਕ ਹੁੰਦੇ ਹਨ ਉਹ ਸ਼ਾਧੂ ਕੋਲ ਆ ਕੇ ਇਸ ਤਰ੍ਹਾਂ ਆਖਦੇ ਹਨ ਅਸੀਂ ਸਿਰ ਮੁਨਾ ਕੇ ਸਾਧੂ ਬਨਣ ਵਿਚ ਅਸਮਰਥ ਹਾਂ ਸੋ ਅਸੀਂ ਚਤੁਰਦਸੀ [14] ਅਸ਼ਟਮੀ, ਅਮਾਵਸ, ਤੇ ਪੂਰਨਮਾਸੀ ਨੂੰ ਸੰਪੂਰਨ ਪੌਸ਼ਧ ਵਰਤ ਕਰਨ ਦੀ ਵੀ ਸ਼ਕਤੀ ਨਹੀਂ ਰਖਦੇ । ਮੌਤ ਸਮੇਂ ਸੰਸਾਰ [ਸਮਾਧੀ ਮਰਨ] ਦੀ ਤਾਕਤ ਵੀ ਸਾਡੇ ਵਿਚ ਨਹੀਂ ਹੈ । ਫੇਰ ਵੀ ਅਸੀਂ ਸਮਾਇਕ ਤੇ ਦੇਸ਼ਅਵਕਾਸਿਕ ਵਰਤਾਂ ਨੂੰ ਸਵਿਕਾਰ ਕਰਦੇ ਹਾਂ । ਹਰ ਰੋਜ ਸਵੇਰ ਪੂਰਬ, ਪਛਮ, ਉਤਰ ਤੇ ਦਖਨ ਸੰਭਧੀ ਸਫਰ ਦੀ ਹੱਦ ਮੁਕਰਰ ਕਰਕੇ ਬਾਕੀ ਦੇ ਜੀਵਾ ਦੀ ਹਿੰਸਾ ਦਾ ਤਿਆਗ ਕਰਦੇ ਹਾਂ । ਇਸ ਤਰ੍ਹਾਂ ਅਸੀਂ ਸਾਰੇ ਪ੍ਰਾਣੀਆਂ ਭੂਤਾ, ਜੀਵਾਂ ਤੇ ਸਹੱਵਾ ਦਾ ਭਲਾ ਕਰਨ ਵਾਲੇ ਬਣਾਗੇ । ਇਸ ਤਰ੍ਹਾਂ ਵਰਤ ਗ੍ਰਹਿਣ ਕਰਨ, ਹੱਦ ਤੋਂ ਬਾਹਰ ਰਹੇ ਜੀਵਾ ਦੀ ਹਿੰਸਾ ਦਾ ਤਿਆਗ ਕਰਦੇ ਹੋਏ ਪ੍ਰਾਣੀ, ਜਿਨਾਂ ਦੀ ਹਿੰਸਾ ਦਾ ਤਿਆਗ ਸ੍ਰਾਵਕ ਨੇ ਜੀਵਨ ਭਰ ਲਈ ਕਰ

ਦਿੱਤਾ ਹੈ ਉਮਰ ਦਾ ਅੰਤ ਹੋਰ ਤੇ ਸ੍ਰਾਵਕ ਰਾਂਹੀ ਰਖੀ ਹੋਈ ਹੱਦ ਤੋਂ ਬਾਹਰ ਤਰੱਸ ਰੂਪ ਵਿਚ ਪੈਦਾ ਹੁੰਦੇ ਹਨ, ਤਾਂ ਉਨ੍ਹਾਂ ਜੀਵਾਂ ਪ੍ਰਤਿ ਸ੍ਰਾਵਕ ਦਾ ਪਛਖਾਨ ਸਫਲ ਪਛਖਾਨ ਹੁੰਦਾ ਹੈ। ਉਹ ਪ੍ਰਾਣੀ ਵੀ ਹਨ ਤਰੱਸ ਵੀ ਹਨ। ਅਜੇਹੀ ਸਥੀਤੀ ਵਿਚ ਸ਼੍ਰਮਣੋਪਾਸਕਾ ਦਾ ਪਛਖਾਨ ਸਹੀ ਹੈ ਇਸ ਨੂੰ ਗਲਤ ਆਖਨਾ ਨਿਆਸੰਗਤ ਨਹੀਂ। 79 ਨਿਸ਼ਚਿਤ ਹੱਦ ਦੀ ਭੂਮੀ ਵਿਚ ਰਹਿੰਦੇ ਜੋ ਤਰੱਸ ਪ੍ਰਾਣੀ ਹਨ ਸ੍ਰਾਵਕ ਵਰਤ ਗ੍ਰਹਿਣ ਤੇ ਜੀਵਨ ਭਰ ਲਈ ਉਨ੍ਹਾਂ ਦੀ ਹਿੰਸਾ ਦਾ ਤਿਆਗ ਕਰ ਦਿਤਾ ਹੈ। ਉਮਰ ਪੂਰੀ ਕਰਕੇ ਉਹ ਪ੍ਰਾਣੀ ਉਸੇ ਨਜਦੀਕ ਭੂਮੀ ਵਿਚ ਸਥਾਵਰ ਰੂਪ ਵਿਚ ਪੈਦਾ ਹੁੰਦੇ ਹਨ। ਸ੍ਰਾਵਕ ਨੇ ਬੇਅਰਥ ਸਥਾਵਰ ਜੀਵਾ ਦੀ ਹਿੰਸਾ ਦਾ ਤਿਆਗ ਕੀਤਾ ਹੈ। ਜ਼ਰੂਰੀ ਸਥਾਵਰ ਜੀਵ ਹਿੰਸਾ ਦਾ ਤਿਆਗ ਨਹੀਂ ਕੀਤਾ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਲੰਬਾ ਸਮਾਂ ਉਸ ਜੂਨ ਵਿਚ ਸਥਿਤ ਰਹਿੰਦੇ ਹਨ। ਸ੍ਰਾਵਕ ਦਾ ਪਛਖਾਨ ਸਫਲ ਪਛਖਾਨ ਹੈ। ਉਸਨੂੰ ਗਲਤ ਆਖਣਾ ਨਿਆ ਸੰਗਤ ਨਹੀਂ। ਨਿਕਟ ਰਹਿ ਰਹੇ ਜੋ ਤਰੱਸ ਪ੍ਰਾਣੀ ਹਨ। ਸ੍ਰਾਵਕ ਨੇ ਵਰਤ ਗ੍ਰਹਿਣ ਤੋਂ ਲੈ ਕੇ ਜੀਵਨ ਭਰ ਲਈ ਉਨਾਂ ਦੀ ਹਿੰਸਾ ਦਾ ਤਿਆਗ ਕਰ ਦਿਤਾ ਹੈ। ਅਜਿਹੇ ਜੀਵ ਆਪਣੀ ਉਮਰ ਭੋਗ ਕੇ ਤਰੱਸ ਤੇ ਸਥਾਵਰ ਰੂਪ ਵਿਚ ਜਨਮ ਲੈਂਦੇ ਹਨ, ਜਿੰਨਾ ਦੀ ਹਿੰਸਾ ਸੰਬਧੀ ਉਪਾਸਕ ਦਾ ਤਿਆਗ ਹੈ। ਉਨ੍ਹਾਂ ਜੀਵਾਂ ਪਖੋਂ ਸ੍ਰਾਵਕ ਦਾ ਪਛਖਾਨ ਸਹੀ ਹੈ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਸ੍ਰਾਵਕ ਉਨ੍ਹਾਂ ਦੀ ਹਿੰਸਾ ਨਹੀਂ ਕਰਦਾ। ਇਸ ਲਈ ਸ਼੍ਰਾਵਕ ਦਾ ਪਛਖਾਨ ਨਿਆ ਸੰਗਤ ਹੈ ਗਲਤ ਨਹੀਂ। ਨਿਸ਼ਚਿਤ ਹੱਦ ਅੰਦਰ ਜੋ ਸਥਾਵਰ ਪ੍ਰਾਣੀ ਹਨ ਜਿਨ੍ਹਾਂ ਦੀ ਹਿੰਸਾ ਦਾ ਸ੍ਰਮਣੋ ਉਪਾਸਕ ਨੇ ਅਰਥ ਦੰਡ ਦੇਣ ਦਾ ਤਿਆਗ ਨਹੀਂ ਕੀਤਾ ਪਰ ਅਨਰਥ ਦੰਡ ਦੇਣ ਦਾ ਤਿਆਗ ਕੀਤਾ ਹੈ। ਉਹ ਜੀਵ ਆਪਣੀ ਉਮਰ ਤਿਆਗ ਕੇ ਤਰੱਸ ਰੂਪ ਪੈਦਾ ਹੁੰਦੇ ਹਨ। ਸ਼੍ਰਾਵਕ ਨੇ ਜਿੰਦਗੀ ਭਰ ਲਈ ਉਨਾਂ ਦੀ ਹਿੰਸਾ ਦਾ ਤਿਆਗ ਕੀਤਾ ਹੈ। ਉਨਾਂ ਜੀਵਾਂ ਪਖੋਂ ਸ਼੍ਰਾਵਕ ਦਾ ਪਛਖਾਨ, ਸਹੀ ਪਛਖਾਨ ਹੈ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਇਸ ਲਈ ਇਹ ਆਖਣਾ ਗਲਤ ਹੈ ਕਿ ਤਰੱਸ ਜੀਵਾਂ ਦੀ ਅਨਹੋਂਦ ਕਾਰਣ ਸ੍ਰਾਵਕ ਦਾ ਪਛਖਾਨ ਗਲਤ ਹੈ। ਨਿਕਟ ਹੱਦ ਅੰਦਰ ਜੋ ਸਥਾਵਰ ਪ੍ਰਾਣੀ ਹਨ ਜਿਨਾਂ ਦੀ ਸ੍ਰਮਣੋ ਉਪਾਸਕ ਨੇ ਜ਼ਰੂਰਤ ਕਾਰਣ ਹਿੰਸਾ ਦਾ ਤਿਆਗ ਨਹੀਂ ਕੀਤਾ। ਪਰ ਬਿਨਾਂ ਜ਼ਰੂਰਤ ਹੀ ਹਿੰਸਾ ਦਾ ਤਿਆਗ ਕੀਤਾ ਹੈ। ਉਸ ਨਿਸ਼ਚਿਤ ਹੋਂਦ ਦੇ ਜੋ ਸਥਾਵਰ ਜੀਵ ਹਨ ਜਿੰਨਾਂ ਨੂੰ ਸ਼੍ਰਮਣੋਪਾਸਕ ਨੇ ਜ਼ਰੂਰਤ ਪੈਣ ਤੇ ਹਿੰਸਾ ਦਾ ਤਿਆਗ ਨਹੀਂ ਕੀਤਾ, ਬਿਨਾ ਕਾਰਣ ਹਿੰਸਾ ਦਾ ਤਿਆਗ ਕੀਤਾ ਹੈ। ਉਨ੍ਹਾਂ ਵਿਚ ਤਰੱਸ ਰੂਪ ਵਿਚ ਪੈਦਾ ਹੁੰਦੇ ਹਨ। ਉਨ੍ਹਾਂ ਨੂੰ ਸ਼੍ਰਮਣੋਪਾਸਕ ਜਰੂਰਤ ਪੈਣ ਤੇ ਦੰਡ ਦਿੰਦਾ ਹੈ। ਬਿਨਾ ਜ਼ਰੂਰਤ ਤੇ ਦੰਡ ਨਹੀਂ ਦਿੰਦਾ। ਇਸ ਲਈ ਉਪਾਸਕ ਦਾ ਪਛਖਾਨ ਸਹੀ ਹੈ। ਸ਼ਕ ਦਾ ਵਿਸ਼ਾ ਨਹੀਂ ਹੈ।

ਉਥੇ ਨੇੜੇ ਰਹਿਣ ਵਾਲੇ ਜੋ ਤਰੱਸ ਪ੍ਰਾਨੀ ਹਨ ਅਤੇ ਜਿਨਾਂ ਨੂੰ ਦੰਡ ਦੇਣਾ ਸ੍ਰਮਣੋ ਪਾਮਕ ਨੇ ਵਰਤ ਗ੍ਰਹਿਣ ਕਰਨ ਦੇ ਸਮੇਂ ਤੋਂ ਲੈ ਕੇ ਜਿੰਦਗੀ ਭਰ ਲਈ ਛੱਡ ਦਿਤਾ ਹੈ ਉਹ ਜਦ ਤਰੱਸ ਸਰੀਰ ਨੂੰ ਛੱਡ ਦਿੰਦੇ ਹਨ ਅਤੇ ਨਿਕਟ ਹੀ ਸਥਾਵਰ ਪ੍ਰਾਣੀਆਂ ਵਿਚ ਉਤਪੰਨ ਹੁੰਦੇ ਹਨ। ਜਿਨਾਂ ਨੂੰ ਸ੍ਰਾਵਕ ਨੇ ਅਨਰਥ ਦੰਡ ਦੇਣਾ (ਬੇਕਾਰ ਨੁਕਸਾਨ ਪਹੁੰਚਾਨਾ) ਮਨਾ ਕਰ ਰਖਿਆ ਹੈ ਪਰ ਲੋੜ ਪੈਣ ਤੇ ਨਹੀਂ ਕੀਤਾ। ਉਨ੍ਹਾਂ ਨੂੰ ਸ੍ਰਾਵਕ ਅਰਥ ਦੰਡ ਹੀ ਦਿੰਦਾ ਹੈ ਅਨਰਥ ਦੰਡ ਨਹੀਂ (ਅਗੇ ਪਾਠ ਪਹਿਲਾਂ 80 ਦੀ ਤਰਾਂ ਹੈ) ਉਥੇ ਨੇੜੇ ਪ੍ਰਦੇਸ਼ ਰਹਿਣ ਵਾਲੇ ਜੋ ਤਰੱਸ ਪ੍ਰਾਣੀ ਹਨ ਉਨ੍ਹਾਂ ਨੂੰ ਸ੍ਰਾਵਕ ਨੇ ਵਰਤ ਗ੍ਰਹਿਣ ਸਮੇਂ ਜਿੰਦਗੀ ਭਰ ਲਈ ਦੰਡ ਦੇਣਾ ਤਿਆਗ ਦਿਤਾ ਹੈ। ਉਹ ਪ੍ਰਾਣੀ ਸਥਾਵਰ ਰੂਪ ਵਿਚ ਨੇੜੇ ਦੇ ਪ੍ਰਦੇਸ਼ ਵਿਚ ਉਤਪੰਨ ਹੁੰਦੇ ਹਨ (ਬਾਕੀ ਦਾ ਪਾਠ ਪਹਿਲਾਂ ਦੀ ਤਰਾਂ ਹੈ।)

ਜੋ ਕਰੀਬ ਦੇ ਪ੍ਰਦੇਸ਼ ਦੇ ਤਰੱਸ ਸਥਾਵਰ ਪ੍ਰਾਣੀ ਹਨ ਜਿਨ੍ਹਾਂ ਨੂੰ ਸ੍ਰਾਵਕ ਨੇ ਲੋੜ ਅਨੁਸਾਰ ਦੰਡ ਦੇਣ ਦਾ ਤਿਆਗ ਨਹੀਂ ਕੀਤਾ, ਬਿਨਾਂ ਲੋੜ ਦੇ ਕੀਤਾ ਹੈ। ਉਹ ਪ੍ਰਾਣੀ ਮਰ ਕੇ ਨਜ਼ਦੀਕ ਤਰੱਸ ਰੂਪ ਵਿਚ ਨਿਸਚਿਤ ਪੈਦਾ ਹੁੰਦੇ ਹਨ। ਜਿਨ੍ਹਾਂ ਦਾ ਸ੍ਰਾਵਕ ਨੂੰ ਵਰਤ ਗ੍ਰਹਿਣ ਤੋਂ ਮਰਨ ਤਕ ਤਿਆਗ ਕੀਤਾ ਹੈ। (ਅਗੇ ਪਾਠ ਉਸੇ ਤਰਾਂ ਹੈ)।

ਨਿਸ਼ਚਿਤ ਹੱਦ ਵਿਚ ਜੋ ਸਥਾਵਰ ਜੀਵ ਹਨ ਜਿਨ੍ਹਾ ਦੀ ਹਿੰਸਾ ਦਾ ਤਿਆਗ ਸ਼੍ਰਮਣੋਪਾਸਕ ਨੇ ਕਾਰਣ ਵਸ ਕਰਨਾ ਨਹੀਂ ਛੱਡਿਆ ਉਹ ਉਮਰ ਤਿਆਗ ਦੇ ਹਨ। ਉਮਰ ਤਿਆਗ ਕੇ ਹੱਦ ਤੋਂ ਬਾਹਰ ਜੋ ਤਰੱਸ ਸਥਾਵਰ ਰੂਪ ਵਿਚ ਪੈਦਾ ਹੁੰਦੇ ਹਨ। ਜਿਸ ਦਾ ਸ਼੍ਰਾਵਕ ਨੇ ਤਿਆਗ ਕੀਤਾ ਉਹ ਉਸੇ ਜੂਨ ਵਿਚ ਪੈਦਾ ਹੁੰਦੇ ਹਨ। ਪਰ ਨਿਸ਼ਚਿਤ ਹੱਦ ਰਹਿਨ ਕਾਰਣ ਸ਼੍ਰਾਵਕ ਦਾ ਤਿਆਗ, ਸਹੀ ਪਛਖਾਨ ਹੈ ਗਲਤ ਪਛਖਾਨ ਨਹੀਂ।

ਸ਼੍ਰਾਵਕ ਰਾਹੀਂ ਗ੍ਰਹਿਣ ਕੀਤੀ ਦੇਸ਼ ਪਰਿਮਾਨ ਹੱਦ ਤੋਂ ਬਾਹਰ ਜੋ ਤਰੱਸ ਤੇ ਸਥਾਵਰ ਜੀਵ ਹਨ। ਜਿਨ੍ਹਾਂ ਦਾ ਸ਼੍ਰਾਵਕ ਨੇ ਗ੍ਰਹਿਣ ਬਰਤ ਤੋਂ ਮਰਨ ਤਕ ਦੰਡ ਦੇਣ ਦਾ ਤਿਆਗ ਕੀਤਾ ਹੈ। ਉਹ ਜੀਵ ਮਰਨ ਉਪਾਸਕ ਰਾਹੀਂ ਨਿਸ਼ਚਿਤ ਹੱਦ ਅੰਦਰ ਤਰੱਸ ਰੂਪ ਵਿਚ ਉਤਪੰਨ ਹੁੰਦੇ ਹਨ। (ਜਿਨ੍ਹਾਂ ਨੂੰ ਸ਼੍ਰਾਵਕ ਨੇ ਵਰਤ ਗ੍ਰਹਿਣ ਕਰਕੇ ਮੌਤ ਤੱਕ ਦੰਡ ਦੇਣ ਛਡੀਆ ਹੈ) ਉਨ੍ਹਾਂ ਜੀਵਾ ਸੰਬੰਧੀ ਸ਼੍ਰਾਵਕ ਦਾ ਪਛਖਾਨ ਸਹੀ ਪਛਖਾਨ ਹੈ। ਉਹ ਜੀਵ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਉਂਦੇ ਹਨ। ਇਸ ਲਈ ਸ਼੍ਰਾਵਕ ਦਾ ਪਛ-ਖਾਨ ਨੂੰ ਗਲਤ ਆਖਣਾ ਨਿਆ ਸੰਗਤ ਨਹੀਂ।

ਸ਼੍ਰਾਵਕ ਰਾਹੀਂ ਨਿਸ਼ਚਿਤ ਦੇਸ਼ ਪਰਿਮਾਨ (ਹੱਦ) ਵਿਚ ਭਿੰਨ ਦੇਸ਼ ਦੇ ਜੋ ਤਰੱਸ ਤੇ ਸਥਾਵਰ ਪ੍ਰਾਣੀ ਹਨ। ਜਿਨ੍ਹਾਂ ਪ੍ਰਾਣੀਆਂ ਦਾ ਵਰਤ ਗ੍ਰਹਿਣ ਕਰਣ ਤੋਂ ਮੌਤ ਤੱਕ ਉਪਾਸਕ ਨੇ ਦੰਡ ਦੇਣ ਦੀ ਪ੍ਰਤਿਗਿਆ ਲਈ ਹੈ। ਅਜੇਹੇ ਪ੍ਰਾਣੀ ਉਮਰ ਪੂਰੀ ਕਰਕੇ, ਸ਼੍ਰਾਵਕ ਰਾਹੀਂ ਨਿਸ਼ਚਿਤ ਹੱਦ ਤੋਂ ਬਾਹਰ ਸਥਾਵਰ ਰੂਪ ਵਿਚ ਉਤਪਨ ਹੁੰਦੇ ਹਨ, ਜਿੰਨਾਂ ਦਾ ਉਪਾਸਕ ਨੇ ਕਾਰਨ ਪੈਣ ਤੇ ਤਿਆਗ ਨਹੀਂ ਕੀਤਾ ਹੈ ਸਿਰਫ ਬੇਅਰਥ ਦੰਡ ਦੇਣ ਦਾ ਤਿਆਗ ਕੀਤਾ

ਹੈ। ਉਹ ਜੀਵ ਪ੍ਰਾਣੀ ਵੀ ਅਖਵਾਉਂਦੇ ਹਨ। ਤਰੱਸ ਵੀ ਅਖਵਾਉਂਦੇ ਹਨ। ਉਨ੍ਹਾਂ ਜੀਵਾ ਪੱਖੋਂ ਸ਼੍ਰਾਵਕ ਦਾ ਪਛਖਾਨ ਸਹੀ ਹੁੰਦਾ ਹੈ। ਇਸ ਪਛਖਾਨ ਨੂੰ ਗਲਤ ਆਖਨਾ ਨਿਆ ਸੰਗਤ ਨਹੀਂ।

ਜੋ ਤਰੱਸ ਤੇ ਸਥਾਵਰ ਪ੍ਰਾਣੀ ਸ਼੍ਰਾਵਕ ਰਾਹੀਂ ਮਿੱਥੀ ਹੱਦ ਤੋਂ ਬਾਹਰ ਹਨ ਜਿਨ੍ਹਾ ਦਾ ਸ਼੍ਰਾਵਕ ਨੇ ਵਰਤ ਗ੍ਰਹਿਣ ਤੋਂ ਲੈ ਕੇ ਮਰਨ ਤਕ ਦੰਡ ਦੇਣ ਦਾ ਤਿਆਗ ਕੀਤਾ ਹੈ। ਉਹ ਪ੍ਰਾਣੀ ਉਸ ਉਮਰ ਨੂੰ ਛੱਡ ਕੇ ਨਿਸ਼ਚਿਤ ਹੱਦ ਤੋਂ ਬਾਹਰ ਪੈਦਾ ਹੁੰਦੇ ਹਨ। ਉਹ ਤਰੱਸ ਤੇ ਸਥਾਵਰ ਦੋਹਾ ਰੂਪ ਵਿਚ ਜਨਮ ਲੈ ਸਕਦੇ ਹਨ। ਜਿਸ ਦਾ ਸ਼੍ਰਾਵਕ ਨੇ ਵਰਤ ਗ੍ਰਹਿਣ ਕਰਨ ਤੋਂ ਲੈ ਕੇ ਮੌਤ ਤਕ ਦੰਡ ਦੇਣ ਦਾ ਤਿਆਗ ਕੀਤਾ ਹੈ। ਉਨ੍ਹਾਂ ਜੀਵਾ ਦੇ ਸੰਬੰਧ ਵਿਚ ਸ਼੍ਰਾਵਕ ਦਾ ਪਛਖਾਨ ਸਹੀ ਪਛਖਾਂਨ ਹੈ। ਉਹ ਪ੍ਰਾਣੀ ਵੀ ਅਖਵਾਉਂਦੇ ਹਨ ਤਰੱਸ ਵੀ ਅਖਵਾਂਦੇ ਹਨ। ਭਗਵਾਨ ਗੌਤਮ ਆਖਦੇ ਹਨ, ਭੂਤ, ਭਵਿੱਖ ਤੇ ਵਰਤਮਾਨ ਤਿੰਨ ਕਾਲ ਵਿਚ ਕਦੇ ਅਜਿਹਾ ਨਹੀਂ ਹੁੰਦਾ ਕਿ ਸਾਰੇ ਤਰੱਸ ਪ੍ਰਾਣੀ ਮਰ ਕੇ ਸਥਾਵਰ ਹੋ ਜਾਣ। ਤਰੱਸ ਅਤੇ ਸਥਾਵਰ ਪ੍ਰਾਣੀ ਹਮੇਸ਼ਾਂ ਰਹਿਣ ਕਾਰਨ ਇਹ ਆਖਣਾ ਗਲਤ ਹੈ ਕਿ ਕੋਈ ਵੀ ਅਜੇਹੀ ਪਰਿਆਏ (ਅਵਸਥਾ) ਨਹੀਂ, ਜਿਥੇ ਸ਼੍ਰਾਵਕ ਦਾ ਪਛਖਾਨ ਹੋ ਸਕੇ। 80।

ਭਗਵਾਨ ਗੌਤਮ ਨੇ ਉਦਕ ਨੂੰ ਕਿਹਾ "ਹੇ ਆਯੂਸ਼ਮਾਨ ਉਦਕ ! ਜੋ ਪੁਰਸ਼ ਸ਼੍ਰਮਣਾ ਜਾਂ ਬ੍ਰਾਹਮਣਾ ਦੀ ਨਿੰਦਾ ਕਰਦਾ ਹੈ। ਉਹ ਉਨ੍ਹਾਂ ਪ੍ਰਤਿ ਦੋਸਤੀ ਰੱਖਦਾ ਹੋਇਆ ਵੀ ਗਿਆਨ, ਦਰਸ਼ਨ, ਚਾਰਿਤਰ ਪਾ ਕੇ ਵੀ, ਪਾਪ ਕਰਮ ਨਸ਼ਟ ਕਰਨ ਦੀ ਸਮਰਥਾ ਰਖਦਾ ਹੋਇਆ ਵੀ, ਪਰਲੋਕ ਦਾ ਖਾਤਮਾ ਕਰਦਾ ਹੈ। ਇਸ ਤੋਂ ਉਲਟ ਜੋ ਪੁਰਸ਼ ਸ਼੍ਰਮਣ, ਬ੍ਰਾਹ-ਮਣ ਦੀ ਨਿੰਦਾ ਕਰਦਾ, ਉਨ੍ਹਾਂ ਨਾਲ ਦੋਸਤੀ ਰਖਦਾ ਹੈ ਜੋ ਗਿਆਨ, ਦਰਸ਼ਨ ਚਾਰਿਤਰ ਤੇ ਤਪ ਰਾਹੀਂ ਪਾਪ ਕਰਮ ਨਾਸ਼ ਕਰਨ ਵਿਚ ਸਮਰਥ ਹੈ ਉਸ ਦਾ ਨਿਸ਼ਚੇ ਹੀ ਪਰਲੋਕ ਸੁਧਰਦਾ ਹੈ।

ਭਗਵਾਨ ਗੌਤਮ ਦੇ ਇਸ ਕਥਨ ਨੂੰ ਪੇਡਾਲ ਪੁਤਰ ਨੇ ਉਦੱਕ ਨੇ ਅਸਵੀਕਾਰ ਕਰਦੇ ਹੋਏ, ਵਾਪਸ ਉਥੇ ਹੀ ਪਰਤਨ ਦਾ ਫੈਸਲਾ ਕੀਤਾ ਜਿਥੋਂ ਉਹ ਆਏ ਸਨ।

ਜਾਂਦੇ ਹੋਏ ਉਦਕ ਨੂੰ ਰੋਕ ਕੇ ਭਗਵਾਨ ਗੌਤਮ ਨੇ ਕਿਹਾ "ਹੇ ਆਯੁਸ਼ਮਾਨ ਉਦਕ ! ਜੋ ਪੁਰਸ਼ ਸ਼੍ਰਮਣ ਜਾਂ ਬ੍ਰਾਹਮਣ ਦੇ ਕਰੀਬ ਆ ਕੇ ਇਹ ਵੀ ਆਗਿਆ, ਧਰਮ ਸੰਬੰਧੀ ਵਚਨ ਸੁਣ ਕੇ ਹਿਰਦੇ ਵਿਚ ਧਾਰਨ ਕਰ ਕੇ, ਸੂਖਮ ਬੁਧੀ ਨਾਲ ਵਿਚਾਰ ਕਰੇ। ਮੈਨੂੰ ਕਲਿਆਕਾਰੀ ਵਸਤੂ ਪ੍ਰਾਪਤ ਹੋਈ ਹੈ। ਅਜੇਹਾ ਸੋਚ ਕੇ ਉਹ, ਉਸ ਮਹਾਪੁਰਸ਼ ਦਾ ਆਦਰ ਕਰੇ, ਉਪਕਾਰ ਸੋਚੇ ਬੰਦਨ ਨਮਸਕਾਰ ਕਰੇ, ਸਤਿਕਾਰ ਕਰੇ, ਸਨਮਾਨ ਕਰੇ, ਉਸ ਪੁਰਸ਼ ਦੀ ਆਪਣੇ ਲਈ ਕਲਿਆਨਕਾਰੀ, ਮੰਗਲਕਾਰੀ ਦੇਵ ਸਵਰੂਪ ਤੇ ਚੈਤਯ (ਗਿਆਨ) ਸਵਰੂਪ ਸਮਝ ਕੇ ਉਪਾਸਨਾ ਕਰੇ। ਜਿਸ ਨੇ ਇਕ ਦਪੱਵੀ ਧਰਮ ਦਾ ਸਮਝਾ ਕੇ ਉਪਕਾਰ ਕੀਤਾ ਹੈ। ਉਨ੍ਹਾਂ ਪ੍ਰਤਿ ਆਦਰ ਭਾਵ ਪ੍ਰਗਟ ਕਰਨਾ ਸਤ ਪੁਰਸਾ ਦਾ ਕਰਤੱਵ ਹੈ ਗੌਤਮ ਭਗਵਾਨ ਦੀ ਗੱਲ

ਸੁਣ ਕੇ ਪੇਡਾਲ ਪੁੱਤਰ ਉਦਰ ਨੇ ਕਿਹਾ "ਭਗਵਾਨ !" ਪਹਿਲਾ ਇਹ ਗੱਲਾ ਮੈਂ ਨਹੀਂ ਜਾਨੀਆਂ, ਨਹੀਂ ਸੁਣੀਆ, ਨਹੀਂ ਸਮਝੀਆਂ ਦਿਲ ਵਿਚ ਨਹੀਂ ਵਿਚਾਰਿਆ। ਮੈਂ ਇਹ ਵਾਕ ਵੇਖੇ, ਸੁਨੇ, ਸੋਚੇ ਨਹੀਂ, ਸਿਮਰਨ ਨਹੀਂ ਕੀਤੇ ਹਨ। ਗੁਰੂ ਤੋਂ ਇਨ੍ਹਾਂ ਦਾ ਉਪਦੇਸ ਸੁਣਿਆ ਨਹੀਂ। ਇਹ ਮੇਰੇ ਲਈ ਬਹੁਤ ਹੀ ਨਾ ਪ੍ਰਗਟ ਯੋਗ ਗੱਲਾ ਹਨ। ਮੇਰੀ ਕੋਈ ਇਨ੍ਹਾਂ ਵਾਕਾਂ ਤੇ ਪਹਿਲਾ ਨਿਸਚਾ ਵੀ ਨਹੀਂ, ਇਨ੍ਹਾਂ ਕਾਰਣਾ ਕਰਕੇ ਮੈਂ ਸ਼ਰਧਾ ਪ੍ਰਤੀਤ, ਰੁੱਚੀ ਨਹੀਂ ਕਰਦਾ। ਭਗਵਾਨ ! ਇਨ੍ਹਾਂ ਪਦਾ ਨੂੰ ਮੈਂ ਹੁਣ ਹੀ ਸੁਣਿਆ ਸਮਝਿਆਂ ਤੇ ਜਾਣਿਆ ਤੇ ਨਿਸਚਾ ਕੀਤਾ ਹੈ। ਪਰ ਹੁਣ ਮੈਂ ਇਨ੍ਹਾਂ ਗੱਲਾ ਤੇ ਸਰਧਾ ਪ੍ਰਤੀਤ ਤੇ ਰੁੱਚੀ ਚਰਦਾ ਹਾਂ। ਤੁਸੀਂ ਜੋ ਫਰਮਾਇਆ ਹੈ ਉਹ ਹੀ ਸੱਚ ਹੈ।

ਫੇਰ ਭਗਵਾਨ ਗੌਤਮ ਨੇ ਉਦਕ ਨੂੰ ਇਸ ਪ੍ਰਕਾਰ ਆਖਿਆ "ਹੇ ਆਯੁਸ਼ਮਾਨ ਉਦਕ ! ਮੈਂ ਭਗਵਾਨ (ਮਹਾਵੀਰ) ਦਵਾਰਾ ਦਸਿਆ ਧਰਮ ਆਖਦਾ ਹਾਂ ਉਸ ਉਪਰ ਤੁਸੀਂ ਸ਼ਰਧਾ ਪ੍ਰਤੀਤ, ਰੁਚੀ ਕਰੋ ਅਤੇ ਸਮਝੋ ਠੀਕ ਸੱਚਾ ਧਰਮ ਇਹੋ ਹੈ ਜੋ ਮੈਂ ਤੁਹਾਨੂੰ ਦੱਸਿਆ ਹੈ।

ਫੇਰ ਉਦਕ ਪੇਡਾਲ ਪੁਤਰ ਦੇ ਭਗਵਾਨ ਗੌਤਮ ਨੂੰ ਇਸ ਤਰ੍ਹਾਂ ਕਿਹਾ "ਭਗਵਾਨ ! ਮੈਂ ਚਤੁਰਯਾਮ (ਚਾਰ ਪ੍ਰਤਿਗਿਆਵਾ ਵਾਲੇ) ਧਰਮ ਨੂੰ ਤਿਆਗ ਕੇ ਪੰਜ ਮਹਾਵਰਤਾਂ ਵਾਲੇ ਤੇ ਪ੍ਰਤਿਕ੍ਰਮਨ ਵਾਲੇ ਧਰਮ ਨੂੰ ਗ੍ਰਹਿਣ ਕਰਕੇ ਧਰਮ ਪ੍ਰਚਾਰ ਕਰਨਾ ਚਾਹੁੰਦਾ ਹਾਂ।

ਫੇਰ ਭਗਵਾਨ ਗੌਤਮ ਪੇਡਾਲ ਪੁਤਰ ਉਦਕ ਨੂੰ ਨਾਲ ਲੈ ਕੇ ਜਿਥੋਂ ਸ਼੍ਰਮਣ ਭਗਵਾਨ ਮਹਾਵੀਰ ਵਿਰਾਜਮਾਨ ਸਨ ਉਥੇ ਆਏ। ਭਗਵਾਨ ਦੇ ਕੋਲ ਆ ਕੇ ਪੇਡਾਲ ਪੁੱਤਰ ਨੇ ਸ਼੍ਰਮਣ ਭਗਵਾਨ ਮਹਾਂਵੀਰ ਦੀ ਤਿੰਨ ਵਾਰ ਸੱਜੇ ਪਾਸੇ ਤੋਂ ਪ੍ਰਤਿਖਿਨਾ ਕੀਤੀ। ਪ੍ਰਤਿਖਿਨਾ ਤੋਂ ਬਾਅਦ ਬੰਦਨ ਨਮਸਕਾਰ ਕੀਤਾ। ਬੰਦਨ ਨਮਸਕਾਰ ਕਰਕੇ ਕਿਹਾ "ਭਗਵਾਨ ! ਮੈਂ ਆਪ ਕੋਲ ਚਤੁਰਯਾਮ ਤਿਆਗ ਕੇ ਪੰਜ ਮਹਾਵਰਤ ਵਾਲੇ ਪ੍ਰਤਿਕ੍ਰਮਨ ਵਾਲੇ ਧਰਮ ਨੂੰ ਅੰਗੀਕਾਰ ਕਰਕੇ ਵਿਚਰਨ ਦੀ ਇੱਛਾ ਕਰਦਾ ਹਾਂ।"

ਭਗਵਾਨ ਮਹਾਵੀਰ ਨੇ ਉੱਤਰ ਦਿੱਤਾ "ਹੇ ਦੇਵਾਨੂੰ ਪ੍ਰਿਯਾ। ਜਿਵੇਂ ਆਪ ਦੀ ਆਤਮਾ ਨੂੰ ਸੁੱਖ ਹੈ ਉਸੇ ਤਰ੍ਹਾਂ ਕਰੋ। ਪਰ ਸ਼ੁਭ ਕਰਮ ਵਿਚ ਆਲਸ ਨਾ ਕਰੋ।"

ਫੇਰ ਪੇਡਾਲ ਪੁਤਰ ਨੇ ਚਤੁਰਯਾਮ ਛੱਡ ਕੇ ਮਹਾਵੀਰ ਦੇ ਪਤਿਕ੍ਰਮਨ ਵਾਲੇ ਪੰਜ ਮਹਾ ਵਰਤ ਧਾਰੀ ਧਰਮ ਨੂੰ ਗ੍ਰਹਿਣ ਕਰਕੇ, ਧਰਮ ਪ੍ਰਚਾਰ ਕਰਨ ਲਗੇ।

ਸ਼੍ਰੀ ਸੁਧਰਮਾ ਸਵਾਮੀ ਜੰਬੂ ਸਵਾਮੀ ਨੂੰ ਆਖਦੇ ਹਨ ਜਿਵੇਂ ਮੈਂ ਭਗਵਾਨ ਮਹਾਵੀਰ ਤੋਂ ਸੁਣਿਆ ਸੀ ਉਸੇ ਪ੍ਰਕਾਰ ਇਸ ਅਧਿਐਨ ਦਾ ਅਰਥ ਦੱਸਿਆ। 81 ।